ਛਾਪਾ ਟੈਪ

ਸ੍ਰਿਸ਼ਟ ਬਿਲਾਸ

ਕ੍ਰਿਤ ਕਵਿ

ਭਾਈ ਨਿਰੰਜਨ ਸਿੰਘ

ਰੱਤੋਵਾਲ ਡਾਕਖਾਨਾ ਪੱਖੋਵਾਲ
ਜਿਲਾ ਲੁਦਿਹਾਣਾ ਨੇ ਛਪਵਾਯਾ

ਫਰਵਰੀ ੧੯੧੫ ਪਹਿਲੀ ਵਾਰ ੫੦੦

ਸਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ
ਸ੍ਰੀ ਗੁਰਮਤ ਪ੍ਰੇਸ ਅੰਮ੍ਰਿਤਸਰ ਵਿਚ ਛਪਾ

੧ ਓ ਸਤਿਗੁਰਪ੍ਰਸਾਦਿ ॥

ਅਥ ਸ੍ਰਿਸ਼ਟ ਬਿਲਾਸ ਲਿਖਜਤੇ

।ੴ।

ਸਿੰਘਾ ਬਲੋਕਨ ਕਬਿਤ

ਪਹਿਲੇਮੈ ਨਵਾਕੇ ਸੀਸ ਆਖਦਾ ਅਰਜ ਗੁਰੂ ਤੇਰੇ ਨਾਮ ਵਾਲ਼ੀ ਓਟ ਭਾਰੀ ਮੈ ਤਕਾਂਵਦਾ। ਤਕਾਂਵਦਾ ਜੋ ਓਟ ਓਦਾ ਕਰ ਦਾ ਕਾਰਜ ਲੋਟ ਐਸੇ ਸਤਿਗੁਰ ਵਾਲੀ ਸਿਫਤ ਨੂੰ ਗਾਂਵਦਾ। ਗਾਂਵਦਾ ਸਿਫਤ ਦੂਰ ਹੋਂਵਦੀ ਬਿਪਤ ਸੁਖ ਆਂਵਦਾ ਨਿਕਟ ਦੁਖ ਦੂਰ ਹੋਇ ਜਾਂਵਦਾ। ਜਾਂਵਦਾ ਹਮੇਸ਼

ਬਲਿਹਾਰੇ ਐਸੇ ਗੁਰਾਂ ਕੇ ਨਰੰਜਨੁ ਸਿੰਘ
ਦਾਸ ਦਾਨ ਮੰਗੇ ਤੇਰੇ ਨਾਮ ਦਾ ॥ ੧ ॥

ਦੋਹਰਾ ॥ ਸਚਾ ਸਤਗੁਰ ਸਿਮਰਕੇ
ਕਵਤਾ ਕਰੂੰ ਉਚਾਰ । ਦੀਨ ਦਿਆਲ
ਕਿਰਪਾਲ ਹੋਇ ਰਾਖੇ ਲਾਜ ਮੁਰਾਰ ॥੨॥

ਕਬਿਤ ॥ ਪੂਰਨ ਪਰਭ ਪਰਮਾਤਮਾਂ
ਗੁਰੂ ਜੀ ਮੇਰੇ ਕਰੇ ਪ੍ਰਿਤਪਾਲ ਜੋੜਾ ਪਥ
ਰਾਂ ਮੇ ਜੰਤ ਹੈ। ਮੋਰ ਤੇ ਚਕੋਰ ਔਰ ਸਾਰੇ
ਹੀ ਜਨੌਰ ਜਾਨੋ ਆਖ ਦੇਨ ਬਿਨਤੀ ਜੋਸਦਾ
ਭਗਵੰਤ ਹੈ। ਹੋਰ ਮੈ ਨਮਾਕੇ ਸੀਸ ਆਖ
ਦਾ ਅਰਜ ਪਿਆਰੇ ਦੇਤਾ ਹੈ ਬਡਾਈ ਜਾਨੋ
ਔਰ ਸਾਧ ਸੰਤ ਹੈ ।ਆਖਦਾ ਨਰੰਜਨਸਿੰਘ
ਰਖ ਲੈਣੀ ਕਬਤਾ ਦੀ ਜੋੜਕੇ ਸੁਨਾਵਾਂ ਜੋ

ਵਾਲ਼ੀ ਬੰਦਿਆ। ਭਜਨ ਬਗੈਰ ਜਾਨ ਕੂੜੇ
ਧੰਧਿਆ। ਕੂੜ ਦਾ ਪਸਾਰਾ ਜੇੜਾ ਜਗ
ਦਿਸਦਾ। ਉਤੇ ਲਗੀ ਖੰਡ ਵਿਚੋਂ ਭਰਾ
ਬਿਸਦਾ। ਜੇੜੀ ਨਾਰੀ ਤਾਈਂ ਆਖੇ ਮੂੜਾ
ਮੇਰੀ ਹੈ। ਇਸ ਨੇ ਨਾ ਦੇਨੀ ਜੋ ਉਗਾਹੀ
ਤੇਰੀ ਹੈ। ਹੋਰ ਜੇੜਾ ਭਾਈ ਦਿਲ ਵਿਚ
ਵਸਦਾ। ਉਤੇ ਲਗੀ ਖੰਡ ਵਿਚੋਂ ਭਰਾ ਬਿਸ
ਦਾ। ਜਿਨਾ ਧੀਆਂ ਪੁਤਾਂ ਤਾਈਂ ਆਖੇਂ ਮੇਰੇ
ਨੇ। ਇਸ ਜਗ ਵਿਚ ਕੂੜ ਦੇ ਹੀ ਘੇਰੇ ਨੇ।
ਹੋਰ ਫਾਹਾ ਬਢ ਦਿਲੋਂ ਜਗ ਇਸ ਦਾ।
ਉਤੇ ਲਗੀ ਖੰਡ ਵਿਚੋਂ ਭਰਾ ਬਿਸ ਦਾ।
ਆਖਦਾ ਨਰੰਜਨ ਸਿੰਘ ਸਚ ਮੰਨਣਾ।
ਬਿਨਾ ਰਾਮ ਨਾਮ ਤੇ ਨਾ ਪਾਰ ਨੰਗਣਾ।

ਜਾਕੇ ਨਾ ਛੁਡਾਵੇ ਅੰਗ ਸਾਕ ਦਿਸਦਾ ।
ਉਤੇ ਲਗੀ ਖੰਡ ਬਿਚੋਂ ਭਰਾ ਬਿਸ ਦਾ ॥
੮ ॥ ਦੋਹਰਾ ॥ ਜਿਨਾ ਸਤਗੁਰ ਸੇਵਿਆ
ਸੇਈ ਉਤਰੇ ਪਾਰ । ਬਿਨਾ ਨਾਮ ਤੇ ਕੂੜ
ਹੈ ਜਾਨ ਮੀਤ ਸੰਸਾਰ ॥ ੯ ॥

ਕੋਰੜਾ ਛੰਦ ॥ ਈੜੀ ਏਕ ਨਾਮ
ਬਾਲੀ ਤਕਓਟ ਓਇ । ਸਹੇਂਗਾ ਤੂੰ ਨਹੀਂ
ਜਮਾਂ ਬਾਲੀ ਚੋਟ ਓਇ । ਓਥੇ ਜਾਇਕਿਸੇ
ਨਾਂ ਤੈਨੂੰ ਛੁਡਾਂਵਨਾ । ਜਮਾਂ ਬਾਲਾ ਜਾਲਤੇਰੇ
ਗਲ ਪਾਵਣਾ। ਵਿਚ ਦਰਗਾਹ ਕੀ ਸੁਨਾਮੇ
ਗੱਲ ਓਇ। ਹੁਣਨਾ ਤੂੰ ਜਾਣੇ ਨਾਮ ਇਕ
ਪੱਲ ਓਇ । ਦਿੱਤਾ ਤੈਂ ਬਸਾਰ ਜੋ ਅੱਗੇ
ਸੁਣਾਵਣਾ। ਜਮਾਂ ਬਾਲਾ ਜਾਲ ਤੇਰੇ ਗਲ

ਪਾਂਵਣਾ। ਨਾਮ ਦੇ ਬਖਤ ਤੈਨੂੰ ਨੀਂਦ ਆਂਮ
ਦੀ। ਹੋਰਨਾ ਕੰਮਾਂ ਨੂੰ ਪਰੇ ਭੱਜ ਜਾਂਵਦੀ।
ਕਰਲੈ ਭਜਨ ਨਰ ਤਰ ਜਾਂਵਨਾ।ਜਮਾਵਾਲਾ
ਜਾਲ ਤੇਰੇ ਗਲ ਪਾਂਵਣਾ। ਦਿਨੇ ਰਾਤ ਤੱਕ
ਦਾ ਪਰਾਈ ਨਾਰ ਨੂੰ। ਜਾਣੇ ਨਹੀਂ ਸਿਰ
ਪਰ ਕਰਤਾਰ ਨੂੰ। ਵਾਸਤੇ ਕੁਟੰਬ ਠਗੀਆਂ
ਕੁਮਾਂਵਣਾ। ਜਮਾਂ ਵਾਲਾ ਜਾਲ ਤੇਰੇ ਗਲ
ਪਾਂਵਣਾ। ਜਗਦਾ ਪਸਾਰਾ ਕੂੜ ਸਚ ਮੰਨਿ
ਆਂ। ਬਾਲੂ ਕੀ ਹੈ ਭੀਤ ਮੂੜ ਜਾਣ ਅੰਨਿਆਂ।
ਕੀਤਾ ਜੋ ਕਰਮ ਤੇਰੇ ਮੂਰੇ ਆਂਵਣਾ। ਜਮਾਂ
ਵਾਲਾ ਜਾਲ ਤੇਰੇ ਗਲ ਪਾਂਵਣਾ। ਨਰੰਜਣ
ਸਿੰਘ ਕਹੇ ਬਚਣਾਂ ਹੈ ਜਾਲ ਤੇ। ਲੈ ਲੈ
ਭਾਈ ਮੰਤਰ ਸੱਚੇ ਅਕਾਲ ਤੇ। ਦੇਮੇ ਜੇ ਬ

ਸਾਰ ਜੋ ਮੁਖੋਂ ਅਲਾਂਵਣਾ। ਜਮਾਂ ਵਾਲਾ ਜਾਲ ਤੇਰੇ ਗਲ ਪਾਂਵਣਾ॥ ੧੦॥

ਕਬਿੱਤ॥ ਸੱਸਾ ਤੂੰ ਸ਼ਰਨ ਪੈਜਾ ਸਚੇ ਪਰਮਾਤਮਾਂਦੀ ਲੈਣ ਜੋ ਬਚਾਇ ਤੇਰੇਡੁਬੇ ਜਾਂਦੇ ਬੇੜੇ ਨੂੰ। ਬਾਹੋਂ ਜੋ ਪਕੜ ਕਢ ਲੈਣ ਤੈਨੂੰ ਬੰਦਿਆ ਓਇ ਚੂਕ ਦੇਣ ਦੇਵੀ ਦੇਵ ਵਾਲੇ ਝੂਠੇ ਝੇੜੇਨੂੰ। ਏਸਜਗਦੇਨੇ ਗੁਰੂ ਨਾਨਕ ਮਲਾਹਿ ਜਾਨ ਹੋਰ ਨਾ ਨਘਾਵੇ ਪਾਰ ਪੂਜਦੇ ਤੂੰ ਜੇੜੇ ਨੂੰ। ਆਖਦਾ ਨਰੰਜਣ ਸਿੰਘ ਦੇਮੇਂ ਜੇਬਸਾਰ ਨਾਮ ਪਿਆ ਹੈਂ ਤਿਆਰ ਤੂੰ ਚੁਰਾਸੀ ਵਾਲੇ ਗੇੜੇ ਨੂੰ॥ ੧੧॥

ਕੋਰੜਾ ਛੰਦ॥ ਹਾਹਾ ਹਰੁ ਹਰੁ ਨਾਮ ਇਕੋ ਜਾਨੀਏ। ਬਿਨਾ ਰਾਮ ਨਾਮ ਹੋਰ ਨਾ

ਪਛਾਨੀਏ। ਹੋਰ ਜੇੜ੍ਹੀ ਤ੍ਰਿਸ਼ਨਾ ਤਿਆਗ
ਯਾਰ ਜੀ। ਬਿਨਾਂ ਰਾਮ ਨਾਮ ਨਾ ਨਘਾਵੇ
ਪਾਰਜੀ।ਧੀਆਂ ਪੁਤਾਂ ਵਾਲ਼ਾ ਅਭੁਮਾਨਕਰ
ਦਾ। ਮਿੰਟ ਨਾ ਲਗਾਵੇ ਕਾਲ ਨਾਸਕਰਦਾ।
ਛਡ ਦੇਂਦਾ ਹਿਤ ਜੇੜ੍ਹੀ ਮੰਨੀ ਨਾਰਜੀ।ਬਿਨਾ
ਰਾਮਨਾਮ ਨਾ ਨਘਾਵੇ ਪਾਰਜੀ। ਚੰਗੀ ਮੰਨ
ਨਾਰੀ ਰੌਣ ਨਾਸ ਹੋਗਿਆ। ਇਕ ਪੱਲ
ਬਿਚ ਲੰਕਾਰਾਜ ਖੋਗਿਆ। ਕੈਰਵਾਂ ਦਾ
ਨਾਸ ਕੀਤਾ ਦੇਖੋ ਨਾਰਜੀ। ਬਿਨਾ ਰਾਮ
ਨਾਮ ਨਾ ਨਘਾਵੇ ਪਾਰਜੀ।ਅੱਗੇ ਗਏ ਤਾਂਈ
ਜਮਤੋੜ ਖਾਣਗੇ। ਮੁਖ ਤੇਰੇ ਕਾਲਖ ਦਾ
ਦਾਗਲੌਣਗੇ। ਦੇਣਵਿਚ ਡੋਬ ਜੇੜ੍ਹੀਕਾਲੀ
ਧਾਰ ਜੀ। ਬਿਨਾ ਰਾਮ ਨਾਮ ਨਾ ਨਘਾਵੇ

ਪਾਰ ਜੀ। ਆਖਦਾ ਨਰੰਜਣ ਸਿੰਘ ਬਾਤਾਂ ਸਚੀਆਂ। ਬਿਨਾ ਰਾਮ ਨਾਮ ਸਾਰੇ ਗੱਲਾਂ ਕਚੀਆਂ। ਓਥਨਾ ਛੁਡਾਵੇ ਤੇਰਾ ਕੋਈ ਭਾਰਜੀ। ਬਿਨਾ ਰਾਮ ਨਾਮ ਨਾ ਲਘਾਵੇ ਪਾਰਜੀ ॥ ੧੨ ॥

ਕਬਿੱਤ॥ ਕਕਾ ਕਾਨੂੰ ਮੂਰਖਾ ਤੂੰ ਗਰਬ ਗੁਮਾਨ ਕਰੇਂ ਐਸੇ ਚਲੇ ਗਏ ਇਸਜਗ ਵਿਚ ਆਨਕੇ। ਜਿਨਕੇ ਰਥਾਂ ਕੇ ਸਤ ਸਾਗਰ ਮਜੂਦ ਹਨ ਐਸੇ ਇਕ ਬਲੀ ਸੈਲ ਚੁਕੇ ਨਾਲ ਬਾਨਕੇ। ਇੰਦਰ ਵਰਗੇ ਦੇਵਤੇ ਹੈਂ ਰਹਿੰਦੇ ਓਦੀ ਤਾਬਿਆਚ ਬ੍ਰਹਮਾ ਸੁਨਾਵੇ ਬੇਦ ਬੈਠਾ ਦਰ ਰੌਣਕੇ। ਐਸੇ ਐਸੇ ਬਲੀ ਜਗ ਹੋਗਏ ਨਰੰਜਣ ਸਿੰਘਾ ਕਾਨੂੰ ਡੁਬਦੇ

ਤੂੰ ਬਿਚ ਆਕੇ ਅਭਮਾਨ ਕੇ ॥ ੧੩ ॥
ਦੋਹਰਾ ॥ ਖਖਾ ਖੋਟੇ ਕੰਮ ਤੂੰ ਕਰਦਾ ਪਾਪੀ ਨਿਤ। ਨਾਮ ਗੁਰਾਂਦਾ ਏਕ ਜੋ ਨਹੀਂ ਤੁਮਾਰੇ ਚਿਤ ॥ ੧੪ ॥
ਕੋਰੜਾ ਛੰਦ ॥ ਗਗਾ ਗੁਣ ਸਚੇਗੁਰੂ ਦੇ ਉਚਾਰੀਏ। ਬਾਰ ਬਾਰ ਗੁਰਾਂਕੋ ਸੀਸ ਨਵਾਰੀਏ। ਕਟੇ ਜਾਣਪਾਪ ਤੇਰੇ ਸੁਖਪਾਮੇ ਗਾ। ਜਦੋਂ ਸਚੇ ਗੁਰੂਦੀ ਸ਼ਰਨ ਆਮੇਗਾ। ਆਗੇ ਜੋ ਸ਼ਰਨ ਸੋਈ ਰਖ ਲੀਨੇਹੈਂ। ਹੋਰ ਜਿਨਾ ਰਤੀ ਨਾ ਗੁਮਾਨ ਕੀਨੇਹੈਂ।ਜਮਾਂਵਾਲੇ ਜਾਲ ਤੇ ਤੂੰ ਬਚ ਜਾਂਮੇ ਗਾ। ਜਦੋਂ ਸਚੇ ਗੁਰੂ ਦੀ ਸਰਨ ਆਮੇਂਗਾ। ਐਸੇ ਰੋਂਦੇ ਗਏ ਨਾਮ ਬਿਨਾ ਪ੍ਰਾਨੀ ਜੋ। ਜਿਨਾਂ ਮੂਰੇ

ਹਿਮਾ ਭਾਨੂ ਭਰੇ ਪਾਨੀ ਜੋ। ਔਗਣਾਂ ਦਾ
ਭਰਾ ਦਿਲ ਓਦੋਂ ਧੋਵੇਂਗਾ । ਜਦੋਂ ਸਚੇ
ਗੁਰੂ ਦੀ ਸਰਨ ਆਵੇਂਗਾ। ਆਖਦਾ ਨਰੈ
ਜਣ ਸਿੰਘ ਜਮੁਖਾਣਗੇ। ਸੀਸ ਪੁਰ ਲੋਹੇ
ਦਾ ਡੰਡਾ ਟਕਾਣਗੇ । ਜਾਇ ਵਿਚ ਸੁਰਗਾਂ
ਹੁਲਾਰੇ ਲਾਵੇਂਗਾ। ਜਦੋਂ ਸੱਚੇ ਗੁਰੂ ਦੀ
ਸਰਨ ਆਵੇਂਗਾ॥ ੧੫॥

ਕਬਿਤ ॥ ਘਘਾ ਘਟ ਵਿਚ ਤੇਰੇ ਨਾਮ
ਪਰਮਾਤਮਾਦਾ ਕੇੜ੍ਹੇ ਬਨਾਂ ਵਿਚ ਨਰ ਫਿਰ
ਦੈਂ ਤੂੰ ਭਾਲਦਾ। ਨਹੀਂ ਰੱਬ ਮਿਲੇ ਜਾਇ
ਦੇਸ ਤੇ ਦਸੰਤਰਾਂ ਮੇਂ ਨਹੀਂ ਰਬ ਮਿਲੇ
ਭਾਈ ਸੀਸ ਖਾਖ ਡਾਲਦਾ। ਨਹੀਂ ਰਬ
ਮਿਲੇ ਵੇ ਸ਼ਰੀਰ ਪੁਰ ਖਾਕਸਿੱਟੇ ਨਹੀਂ ਰੱਬ

ਮਿਲੂਗਾ ਮੱਖਣ ਨਾਲ ਪਾਲਦਾ। ਆਖਦਾ
ਨਰੰਜਨ ਸਿੰਘ ਪ੍ਰੀਤੀ ਕਰ ਨਾਮ ਨਾਲ
ਹਿਰਦੇ ਵੇ ਤੇਰੇ ਵਿਚ ਦੇਖ ਦੀਵਾਬਾਲਦਾ॥
ਕੋਰੜਾ ਛੰਦ ॥ ਛਛਾ ਛਿਆਨੋ ਨਹੀ
ਬਿਨਾਂ ਨਾਮ ਲੀਤੇ ਤੇ। ਸੂਰਮਾ ਨਾ ਜਾਣੋ
ਬਿਨਾ ਰਣਜੀਤੇ ਤੇ। ਕਾਧਾ ਓਹ ਆਦਮੀ
ਨਾ ਦਾਨ ਦੀਤਾ ਜੀ। ਨਹੀ ਉਠ ਤੜਕੇ
ਭਜਨ ਕੀਤਾ ਜੀ। ਆਪਣਾ ਜਨਮ ਆਪ
ਦਿਤਾ ਹਾਰ ਜੀ। ਆਖਦਾ ਅਰਜ ਏ ਕਵੀ
ਪੁਕਾਰਜੀ। ਪੈਲੇਸੀ ਨਿਆਣਾ ਤੂੰਤਾਂ ਖੇਡ
ਲੀਤਾਜੀ। ਨਹੀ ਉਠ ਤੜਕੇ ਭਜਨ ਕੀਤਾ
ਜੀ। ਆਗੀ ਜਦ ਜੁਆਨੀ ਪੀਂਦਾ ਦਾਰੂ
ਪਿਆਲੇਨੂੰ। ਕਰ ਲੈ ਤੂੰ ਯਾਦ ਜਮਾਂ ਬਾਲੋ

ਜਾਲੇਨੂੰਹੋਗਿਆ ਬਿਰਧਨਹੀਂ ਭਾਈਮੀਤਾ
ਜੀ। ਨਹੀਂ ਉਠ ਤੜਕੇ ਭਜਨ ਕੀਤਾਜੀ।
ਆਖੇ ਰੱਬਾ ਮੇਰੀ ਹੁਣ ਜਾਨ ਕਢਦੇ।
ਇਸ ਘਰ ਵਿਚੋਂ ਮੇਰਾ ਫ ਹਾ ਬਢਦੇ।
ਖਾਣੇ ਨੂੰ ਨਾ ਦੇਣ ਮੈਨੂੰ ਦੂਧ ਘੀਤਾ
ਜੀ। ਨਹੀਂ ਉਠ ਤੜਕੇ ਭਜਨ ਕੀਤਾ
ਜੀ। ਜੀਂਦੇ ਤਾਈਂ ਹੱਥ ਤੇ ਨਾ ਪਾਣੀ
ਪਾਂਵਦੇ। ਮਰੇ ਹੋਏ ਤਾਂਈ ਨੇ ਪਿੱਛੋਂ ਪੁਚਾ
ਮਦੇ। ਹੁਣ ਨਹੀਂ ਮਿਲੂਗਾ ਸਜਨਮੀਤਾਜੀ।
ਨਹੀਂ ਉਠ ਤੜਕੇ ਭਜਨ ਕੀਤਾਜੀ। ਆਖ
ਦਾ ਨਿਰੰਜਨ ਸਿੰਘ ਤਰ ਜਾਵੇਂਗਾ। ਸਚੇ
ਭਗਵਾਨ ਦੀ ਸਰਨ ਆਵੇਂਗਾ। ਧੀਆਂ
ਪੁਤਾਂ ਬਾਲੀ ਛਡਿ ਭੈੜੀ ਨੀਤਾ ਜੀ। ਨਹੀ

ਉਠ ਤੜਕੇ ਭਜਨ ਕੀਤਾ ਜੋ ॥ ੧੭ ॥

ਕਬਿਤ ॥ ਚਚਾ ਚਿਤ ਬਾਲੇ ਤੂੰ ਕਪਟ ਕੋ ਤਿਆਗ ਦੇਤ ਇਕ ਤੂੰ ਸਰਨ੍ਹ ਲਗ ਸਚੇ ਭਗਵਾਨ ਕੀ। ਬਿਨਾ ਹਰੀ ਨਾਮ ਕੇ ਦੁਆਰੇ ਨਹੀਂ ਗਤਮਿਲੇ ਹੋਰਕਿਸੇ ਦੁਆ ਰੇ ਫਿਰੇਂ ਵਾਂਗ ਤੂੰ ਸੁਆਨ ਕੀ। ਆਠ ਜੋ ਪਹਿਰ ਨਾਮ ਤਾਈਂ ਰਖ ਚਿਤ ਬੰਦੇ ਕਰੂ ਗਾ ਚਾਨਣ ਰੁਸ਼ਨਾਈ ਜੈਸੇ ਭਾਨ ਕੀ। ਲਗਜਾ ਸਰਨ ਸਚ ਆਖਦਾ ਨਰੰਜਣ ਸਿੰਘ ਚਿਤਚੋਂ ਗੁਵਾਦੇ ਭਾਈ ਗਲ ਤੂੰ ਗੁਮਾਨ ਕੀ ॥ ੧੮ ॥

ਬੈਂਤ ॥ ਛਛਾ ਛਡਦੇ ਧੀਆਂ ਗੁਮਾਨ ਪੁਤਾਂ ਨਹੀਂ ਜਾਵਣਾ ਕਦੀ ਏ ਸੰਗ ਤੇਰੇ।

ਅਗੇ ਗਿਆ ਨੀ ਹੁਣ ਏ ਜਾਵਣਾ ਨਾ ਨਾਮ ਗੁਰਾਂ ਦਾ ਏਕ ਤੂੰ ਮੰਗ ਪਿਆਰੇ । ਘੋੜੇ ਬਘੀਆਂ ਸੰਗ ਨਾ ਮੂਲਤੇਰੇ ਅਗੇ ਰਸਤਾ ਆਊਗਾ ਤੰਗ ਪਿਆਰੇ। ਹੋਰੁ ਕਛ ਨਾ ਮੰਗ ਨਰੰਜਣ ਸਿੰਘਾ ਏਕ ਨਾਮ ਤੂੰ ਗੁਰਾਂ ਦਾ ਮੰਗ ਪਿਆਰੇ ॥ ੧੯ ॥

ਕਬਿਤ ॥ ਜਜਾ ਜਪੁ ਲੈ ਤੂੰ ਨਾਮ ਤੇਰਾ ਹੋਊਗਾ ਸਹਾਈ ਪਿਆਰੇ ਘਰ ਦੀ ਦਾਰਾ ਨੇ ਤੈਨੂੰ ਭੂਤ ਹੈ ਪੁਕਾਰਨਾ । ਆਖਦੀ ਹੈ ਛੇਤੀ ਹੁਣ ਕਢਲਓ ਘਰੋਂ ਏਨੂੰ ਏਸਨੇ ਕੀ ਸਾਡਾ ਹੁਣ ਕਾਜਹੈ ਸਬਾਰੁਨਾ। ਹੋਰ ਏ ਪੁਤਰ ਪਿਆਰੇ ਜੇੜੇ ਜਾਨਤ ਤੂੰਮੇਰੇ ਏਨਾਨੇ ਲਜਾਕੇ ਤੈਨੂੰ ਅਗਤਾਈਂ ਸਾੜਨਾ।ਨਿਕਲੇ

ਪਰਾਣ ਕੋਈਸੰਗੀਨਾ ਨਰੰਜਣਸਿੰਘਾਏਹੀ
ਆਖ ਕੇ ਮੈ ਤੈਨੂੰ ਮੁਖੋਂਹਾਂ ਪੁਕਾਰਨਾ॥੨੦॥
ਕਬਿੱਤ॥ ਝਝਾ ਝਟੂ ਧਰਮ ਰਾਇ
ਵਾਲਾ ਜਮ ਖਾਸੀ ਤੈਨੂੰ ਜੇ ਨਾ ਨਾਮ ਜਪ
ਲਿਆ ਸਚੇ ਤੈਂ ਅਕਾਲ ਦਾ। ਏਨਾ ਕਰਾਂ
ਨਾਲ ਨਾ ਤੈਂ ਪੁੰਨ ਕੁਛ ਦਾਨ ਕੀਆ ਫੇਰ
ਤੇਰੇ ਪਊ ਡੰਡਾ ਸਿਰ ਜਮ ਕਾਲਦਾ।ਮਾਰੀ
ਜਾਊ ਬੁਧ ਤੇਰੀ ਔਰਹੀ ਤੂੰ ਸੁਧਜਾਨ ਦੇਮੇਂ
ਜੇ ਵਸਾਰਨਾਮ ਏਕ ਕਰਪਾਲਦਾ। ਆਖਦਾ
ਨਰੰਜਣਸਿੰਘ ਜਨਮ ਨਾ ਹਥ ਆਵੇ ਰਤਨ
ਜਵਾਹਿਰਾਂ ਨੂੰ ਦੇਕੇ ਜੇਤੂੰ ਭਾਲਦਾ ॥ ੨੧॥
ਸਿੰਘਾ ਬਲੋਕਨ ਕਬਿੱਤ
ਢੱਡਾ ਢਾਣ ਨਾਮ ਤੇਰਾ ਹੋਊਗਾ ਸਹਾਈ

ਪਿਆਰੇ ਹੋਰ ਭੈਣ ਭਾਈ ਤੇਰੇ ਸੰਗ ਨਹੀਂ ਜਾਵਨਾ। ਸੰਗਨਹੀਂ ਜਾਵਣਾ ਤੂੰ ਕਰਲੈ ਸਮਝ ਪਿਆਰੇ ਕਿਤੇ ਰੌਣਵਾਂਗੂ ਤੇਰਾਬੁਰਾ ਹਾਲਹੋਵਨਾ। ਬੁਰਾਹਾਲ ਹੋਵਣਾ ਤੂੰਕਰਲੈ ਜਤਨ ਪਿਆਰੇ ਧੋਬੀਆਂ ਦੇ ਕਪੜੇ ਦੇ ਵਾਂਗ ਤੈਨੂੰ ਧੋਵਣਾ।ਧੋਵਣਾ ਹੈ ਸਚੀ ਗੱਲ ਕਹਿਤ ਨਰੰਜਣ ਸਿੰਘ ਨਾਮਨੂੰ ਬਿਸਾਰ ਕੇਤੇ ਪਿਛੋਂ ਪਛਤਾਂਵਣਾ ॥ ੨੨ ॥

ਕਾਫੀ ॥ ਟੈਂਕਾ ਟਹਿਲ ਗੁਰਾਂਦੀ ਕਰ ਲੈ ਜੇ ਭਵ ਸਾਗਰ ਤਰਨਾ ਹੈ। ਨਾਮ ਗੁਰਾਂ ਦੇ ਸੱਚੇਬਾਝੋਂ ਏਵੇਂ ਕਾਨੂੰ ਮਰਨਾਹੈ। ਹੀਰਾ ਜਨਮ ਅਮੋਲਕ ਪਿਆਰੇ ਏਹ ਜਾਣੂ ਸੋ ਬਰਨਾਹੈ। ਜਿਸ ਤਨ ਤਾਈਂ ਮਾਖਣ ਪਾਲੇ

ਸੋਈ ਕਾਲਨੇ ਚਰਨਾ ਹੈ । ਹਰੀ ਅੰਗੂਰੀ ਚਰਦਾਸੀ ਹੁਣ ਮਾਰ ਲਿਆ ਏਹ ਹਰਨਾ ਹੈ। ਕਾਲ ਬਲੀ ਹੈ ਸਬਤੇ ਉਚਾ ਮੂਰੇ ਸੀਨਾ ਕਰਨਾ ਹੈ। ਸਿੰਘ ਨਰੰਜਨ ਅਰਜ ਗੁਜਾਰੀ ਵਿਨਾ ਨਾਮ ਦੁਖ ਭਰਨਾ ਹੈ॥੨੩॥

ਦੋਹਰਾ॥ ਠਠਾ ਠਗੀ ਚੋਰੀਆਂ ਕਿਸੇ ਨਾ ਪਾਇਆ ਸੁਖ। ਵਿਚ ਦਰਗਾਹ ਦੇ ਜਾਇਕੇ ਭਰਸੀ ਬਹੁਤੇ ਦੁਖ॥ ੨੪॥

ਕੋਰੜਾ ਛੰਦ॥ ਡਡਾ ਡਰੇ ਨਹੀਂ ਜਾਣੇ ਜਮਾਂ ਜਾਲੇ ਨੂੰ। ਨਿਤ ਜਾਏ ਪੀਮਦਾ ਨਸ਼ੇ ਪਿਆਲੇ ਨੂੰ। ਏਨਾਂ ਨਸ਼ਿਆਂਨੂੰ ਤੂਸੀਲਾਵੇ ਅੱਗ ਜੀ। ਹੁਕਿਆਂ ਦੇ ਨਾਲ ਫੂਕ ਲੈਂਦੇ ਪੱਗ ਜੀ। ਹੋਰ ਦੇਖੋ ਏਨਾਂ ਪੈਗੀ ਭੈੜੀ ਮਤ

ਜੀ। ਜੇਬ ਵਿਚ ਰਖਦੇਨ ਸਿਗਰਟ ਜੀ।
ਇਕ ਮੁਕ ਜਾਵੇ ਦੂਜਾ ਪੀਨ ਲਗ ਜੀ।
ਹੁਕਿਆਂ ਦੇ ਨਾਲ ਫੂਕ ਲੈਂਦੇ ਪੱਗ ਜੀ।
ਹੋਰ ਖਾਣੀ ਛਡਦੇ ਤੂੰ ਫੀਮ ਬੰਦਿਆ।
ਹੋਜੂ ਗੀ ਜਮੀਨ ਤੇਰੀ ਗੈਣੇ ਔਧਿਆ।
ਪਾਪੀ ਦੁਖ ਭਰੇ ਵਿਚ ਆਨ ਜਗ ਜੀ।
ਹੁਕਿਆਂ ਦੇ ਨਾਲ ਫੂਕ ਲੈਂਦੇ ਪਗਜੀ।
ਛਡ ਦੇ ਤੂੰ ਸਾਰੇ ਏ ਅਮਲ ਪਿਆਰਿਆ।
ਜਪ ਰਾਮ ਨਾਮ ਪ੍ਰੇਮ ਸੇ ਨਕਾਰਿਆ।
ਕਾਮ ਤੇ ਕ੍ਰੋਧਵਾਲਾ ਝੂਠਾਤਗਜੀ।ਹੁਕਿਆਂ
ਦੇ ਨ ਲ ਫੂਕ ਲੈਂਦ ਪੱਗ ਜੀ। ਆਖਦਾ
ਨਰੰਜਨ ਸਿੰਘ ਜਪਨਾਮ ਓਇ। ਬਿਨਾ
ਹਰੀ ਨਾਮ ਤੇਰੇ ਝੂਠੇ ਕਾਂਮ ਓਇ। ਏਨਾਂ

ਅਮਲਾਂ ਨੂੰ ਤੁਸੀਂ ਲਾਵੋ ਅੱਗ ਜੀ॥ਹੁਕਿਆਂ
ਦੇ ਨਾਲ ਫੂਕ ਲੈਂਦੇ ਪੱਗ ਜੀ ॥ ੨੫ ॥

ਕਬਿੱਤ ॥ ਢਢਾ ਢਾਹਿ ਦੇ ਤੂੰ ਦਿਲੋਂ
ਗੱਲ ਏ ਮਸਾਣਾਂ ਵਾਲੀ ਬਿਨਾ ਨਾਮ ਜਪੇ
ਤੇ ਨਾ ਮਿਲੇ ਕਰਤਾਰ ਜੀ । ਜਿਨਾ ਸਿਲਾਂ
ਤਾਈਂ ਉਠ ਪੂਜਨਾ ਕਰਤ ਸੁਭਾ ਏਨਾਂ ਨੇ
ਲਜਾਕੇ ਡੋਬਣਾ ਹੈ ਕਾਲੀ ਧਾਰਜੀ। ਇਸ
ਜੱਗਵਿਚ ਆਨ ਕੀ ਤੈਂ ਕਰਲਿਆ ਮੂੜਾ ਜੇ
ਨਾ ਨਾਮ ਜਪੇਂ ਉਠਤ ਕੇ ਮੁਰਾਰ ਜੀ॥ਆਖ
ਦਾ ਨਰੰਜਨ ਸਿੰਘ ਚਿਤ ਲਾਇ ਜਪ ਨਰੂ
ਫੇਰਤੇਰਾਬੇੜਾਏਥੋਂਲੱਗ ਜਾਵੇਪਾਰਜੀ॥੨੬

ਕਬਿੱਤ ॥ ਣਾਣਾ ਣਾਮ ਤੇ ਬਗੈਰ
ਤੇਰੀ ਬਾਤ ਨਹੀਂ ਪੁੱਛੇ ਕੋਈ ਨਾਮ ਤੇ ਬਗੈ

ਰ ਕੋਲੂ ਪੀੜ ਦੇਣੀ ਘਾਣੀ ਰੇ। ਅਜੇ ਵੀ ਅਕਲ ਕਰ ਮੂਰਖ ,ਪਿਆਰਿਆ ਤੂੰ ਨਾਮ ਤੇ ਬਗੈਰ ਕੋਈ ਓਥੇ ਨਾ ਪਛਾਣੀਰੇ। ਕਟੇ ਜਾਣ ਪਾਪਤੇਰੇ ਪਾਸੋਂ ਤੂੰ ਪਰਮਪਦੁ ਬੈਠਕੇ ਦੀਵਾਨਵਿਚ ਪੜ ਗੁਰਬਾਣੀਰੇ । ਨਾਮਜਪ ਲੈ ਤੂੰ ਚਿਤ ਲਾਇਕੇ ਨਰੰਜਨ ਸਿੰਘਾ ਨਾਮ ਤੇਬਗੈਰ ਕੋਈ ਰਾਹ ਨਾ ਦਸਾਣੀਰੇ ।੨੭॥

ਸਿੰਘਾ ਬਲੋਕਨ॥ ਕਬਿੱਤ

ਤੁੱਤਾ ਤੇਰਾ ਨਾਮ ਧਿਆਂਵਣਾ ਹੈ ਸਾਸ ਸਾਸ ਮਹਾਂ ਰਾਜ ਤੇਰੇ ਹੀ ਜੇ ਨਾਮ ਤਾਂਈ ਕਦੇ ਨਾ ਭੁਲਾਂਵਣਾ। ਕਦੇ ਨਾ ਭੁਲਾਈਏਂ ਏਸ ਨਾਮ ਤਾਈਂ ਬੰਦਿਆ ਤੂੰ ਸਚੀ ਗਠੜੀ ਨੇ ਤੈਂਨੂੰ ਪਾਰ ਹੈ: ਨਗਾਂਵਣਾ। ਨਘਾਂਵਣਾ ਹੈ

ਪਾਰ ਸੱਚ ਜਾਣ ਲਈਂ ਇੰਦਿਆ ਤੂੰ ਔਲਿ
ਆਂ ਦਾ ਖਾਧਾ ਹੈ ਸੁਆਦ ਪਿਛੋਂ ਆਂਵਣਾ।
ਆਂਵਣਾ ਸੁਆਦ ਗੱਲ ਕਹਿਤ ਨਰੰਜਣ
ਸਿੰਘ ਨਾਮ ਨੂੰ ਬਿਸਾਰ ਕੇਤੇ ਪਿਛੋਂ ਪਛ
ਤਾਂਵਣਾ ॥ ੨੯ ॥

ਕਬਿੱਤ ॥ ਥਥਾ ਥਕੁ ਰਹੁ ਭਮਾ ਕਿੰਨਾਂ
ਜਪ ਦੇਵਤੇ ਨੂੰ, ਬਿਨਾ ਹਰਨਾਮਤੇ ਨਾ ਲੈਣੀ
ਤੇਰੀ ਸਾਰ ਜੀ। ਨਾਮ ਤੇ ਬਗੈਰ ਦੁਖ ਪੈਣ
ਗੇ ਹੇ ਬੀਰਮੇਰੇ ਜਾਂਮੇਗਾ ਤੂੰ ਸਰਪਰ ਜਾਣ
ਬਾਜੀ ਹਾਰ ਜੀ। ਨਾਮ ਛੋਡ ਕੇ ਤੇ ਦੁਖ
ਪਾਂਮੇਗਾ ਤੂੰ ਸਚ ਜਾਣੀ ਹਾਰ ਜਾਨਾ ਛਕ
ੜ ਤੂੰ ਕਾਨੂੰ ਚਕੇਂ ਭਾਰ ਜੀ। ਬਿਨਾਹਰੀ
ਨਾਮ ਤੇ ਤੂੰ ਡੁਬ ਜਾਂਮੇਗਾ ਨਰੰਜਨ ਸਿੰਘਾ

ਆਖਕੇ ਸੁਣਾਮਾ ਤੈਨੂੰ ਮੁਖੋਂ ਬਾਰ ਬਾਰ
ਜੀ ॥ ੨੯ ॥

ਕਬਿਤ ॥ ਦਦਾ ਦਾਰਾ ਸੁਤ ਬੰਤ ਜੋ ਕੁ-
ਟੰਬੀ ਸੰਗੀ ਮੇਰੇ ਜਾਨ ਅੰਤਕੀ ਕਠਨ
ਕਿਸੇ ਹੋਣਾ ਨੀ ਸਹਾਈ ਰੇ। ਹੁਣ ਤੇਰੇ
ਤੁਰਤ ਫਿਰਤਸਾਰੇ ਬੇਲੀ ਜਾਨ ਫੇਰਨਾਹੀ
ਬਾਤ ਪੁਛੇ ਕਾਨੂੰ ਦੁਖ ਪਾਈ ਰੇ। ਛੱਡਦੇ
ਗੁਮਾਨ ਏਨਾਂ ਧੀਆਂ ਪੁੱਤਾਂ ਤਾਂਈਜਾਨ ਹਰ
ਨ ਕੀ ਤ੍ਰਿਸ਼ਨਾ ਨਾ ਤੈਨੂੰ ਕੁਛ ਥਿਆਈਰੇ।
ਆਖਦਾਨਰੰਜਨਸਿੰਘ ਛਡਦੇ ਪਸਾਰਾਕੂੜਾ
ਅੰਤਦੇਵਕਤਕਿਸੇਹੋਣਾਨਾ ਸਹਾਈਰੇ॥੩੦

ਕਬਿਤ ॥ ਧਧਾ ਧੀਆਂ ਪੁਤਾਂ ਤਾਈਂ ਦੇਖ
ਰੱਤੀ ਨਾ ਗੁਮਾਨ ਕਰ ਸੁਪਨੇ ਕੀ ਨਿਆਈਂ

ਜਾਨਸਾਰਾ ਜੋ ਜਗਤਰੇ। ਪੁੱਛਣੀ ਨੀ ਬਾਤ ਤੇਰੀ ਦੇਖ ਲੈ ਵਿਚਾਰ ਕਰ ਜਦੋਂ ਤੇਰਾ ਵੇਲਾ ਆਵੇ ਬੀਤਣੇ ਦਾ ਅੰਤ ਰੇ। ਧਨ ਜੋ ਪਦਾਰਥਾਂ ਨੇ ਸੰਗ ਨਹੀਂ ਤੇਰੇ ਜਾਨਾ ਜਿਸ ਨੂੰ ਤੂੰ ਕੱਠਾ ਕਰ ਰੱਖਦਾ ਬੇਅੰਤ ਰੇ। ਨਿਕ ਲੇ ਪ੍ਰਾਣ ਕੋਈ ਸੰਗੀ ਨਾ ਨਰੰਜਨ ਸਿੰਘਾ ਕਢ ਦੇਨਾ ਘਰੋਂ ਕੋਈ ਪੁੱਛੇ ਨਹੀਂ ਬੰਤਰੇ॥

ਕਬਿਤ ॥ ਨੰਨਾ ਨਾਮ ਜਪ ਬੰਦਿਆ ਤੂੰ ਕੋਈ ਦਿਨ ਰੈਣਾ ਜਗ ਮੁਸਾਫਰੀ ਦੇ ਮਾ-ਫਕ ਤੂੰ ਸਮਝ ਪਿਆਰਿਆ। ਏਕ ਗੁਰ ਬਾਝੋਂ ਕੋਈ ਹੈ ਨਹੀਂ ਸਹਾਈ ਤੇਰਾ ਅਜੇ ਬੀ ਅਕਲ ਕਰ ਸਮਝ ਨਿਕਾਰਿਆ। ਨਾਮ ਛੋਡ ਕਿਸੇ ਨਹੀਂ ਸੁਖ ਪਾਇਆ ਸੰਜਣਾ

ਓਇ ਦੇਖ ਲੈ ਗਰੰਥ ਚੌਂਹਾਂਬੇਦਾਂ ਨੇ ਪੁਕਾ
ਰਿਆ।ਆਖਦਾ ਨਰੰਜਨ ਸਿੰਘ ਠਗੀਆਂਚ
ਮਨ ਲਾਮੇ ਏਕ ਪਲ ਤਾਂਈ ਨਹੀਂ ਨਾਮ ਨੂੰ
ਉਚਾਰਿਆ॥ ੩੨ ॥

ਕੋਰੜਾ ਛੰਦ ॥ ਪਪਾ ਪੋਹ ਦੀਆਂ ਰਾਤਾਂ
ਬਿਚ ਨਹੀਂ ਉਠਦਾ। ਫੇਰ ਏਹ ਵੇਲਾ ਨਾ
ਥਿਆਵੇ ਲੁਟਦਾ । ਵੇਲੇ ਨੂੰ ਬਿਸਾਰ
ਕੂੜੀ ਗੱਲ ਗਾਣਗੇ। ਕੁੰਭੀ ਤਾਂ ਨਰਕ
ਵਿਚ ਸੋਈ ਜਾਣਗੇ। ਮੇਲਿਆਂ ਦੇ ਉੱਤੇ
ਜਾਕੇ ਬੋਲੇਂ ਗੰਦ ਨੂੰ। ਦੇਂਦੇ ਨੇ ਗਰੰਥ ਮਤ
ਹੋਜਾ ਬੰਦ ਨੂੰ। ਧੀਆਂ ਦਾ ਜੋ ਮੁਲ ਬਟ
ਬਟ ਖਾਣਗੇ। ਕੁੰਭੀ ਤੇ ਨਰਕ ਵਿਚ ਸੋਈ
ਜਾਨਗੇ। ਕਰਕੇ ਖਿਆਲ ਬਾਤ ਸੁਣ ਸੱ-

ਜਣਾ। ਬਿਨਾ ਹਰੀਨਾਮ ਤੇ ਨਾ ਬੇੜਾ ਬੱਝਣਾ।
ਬੱਕਰੇਨੂੰ ਬੱਢ ਢਾਲੇ ਬਾਂਗੂ ਤਾਣਗੇ। ਕੁੰਭੀ
ਤੇ ਨਰਕ ਵਿਚ ਸੋਈ ਜਾਣਗੇ। ਕੀਤਾ ਤੈਂ
ਜ਼ੁਲਮ ਜੀਵ ਤਾਂਈ ਮਾਰਿਆ। ਮਾਸ ਤੈਂ
ਪਰਾਇਆ ਅੱਗ ਵਿਚਜਾਰਿਆ। ਹੈ ਓਇ
ਜੇੜ ਪਾਪੀ ਰੱਤ ਤਾਂਈ ਖਾਣਗੇ। ਕੁੰਭੀ ਤੇ
ਨਰਕ ਵਿਚ ਸੋਈ ਜਾਣਗੇ। ਹੋਰ ਤੇਰੇ ਵਿਚ
ਦਸਾਂ ਖੋਟਾਂ ਭਾਰੀਆਂ। ਦਿਨੇ ਰਾਤ ਤੱਕਦਾ
ਪਰਾਈਆਂ ਨਾਰੀਆਂ। ਭੋਗਕੇ ਪਰਾਈ
ਨਾਰ ਦੁਖ ਪਾਣਗੇ। ਕੁੰਭੀ ਤੇ ਨਰਕ ਵਿਚ
ਸੋਈ ਜਾਣਗੇ। ਨਰੰਜਣ ਸਿੰਘ ਓਨਾਂ ਨੂੰ
ਨਰਕ ਲਿਖਿਆ। ਜਿਨਾਂ ਜਗ ਵਿਚ ਆਕ
ਮਾਸ ਭੱਖਿਆ। ਘਰਕੀ ਨਾਰ ਛੱਡ ਵੇਸਵਾ

ਨੂੰ ਚਾਟਨਗੇ। ਕੁੰਭੀ ਤੋ ਨਰਕ ਵਿਚ ਸੋਈ ਜਾਣਗੇ॥ ੩੩॥

ਦੋਹਰਾ ॥ ਫਫਾ ਫਾਹਾ ਵਢਦੇ ਜਾਨ ਕੂੜ ਦਾ ਏਹ।ਬਿਨਾਂਨਾਮੁ ਤੇ ਝੂਠ ਹੈ ਭੈਣ ਮੀਤ ਸਭ ਖੇਹ॥ ੩੪॥

ਕੋਰੜਾ ਛੰਦ॥ ਬਬਾ ਬਾਹਿ ਬਾਹਿ ਮੁਖ ਤੇ ਉਚਾਰੀਏ। ਪੰਜੇ ਤੱਤ ਆਪਣੇਚੋਂ ਆਪ ਮਾਰੀਏ। ਪੰਜੇ ਨਹੀਂਮਾਰੇ ਸੋਈ ਦੁਖ ਪਉਂਣਗੇ। ਹਰ ਹਰ ਨਾਮ ਰਿਦੇ ਨੀ ਬਸ ਉਣਗੇ। ਦਰਜੋਧਨਕੇ ਮੇਵੇ ਤੇ ਦਿਤੇ ਤਿਆਗ ਜੀ। ਕੀਤਾ ਜੋ ਗਰਬਵਾਲੀ ਫਟੇ ਭਾਗ ਜੀ। ਪਉਜਮ ਫਾਸੀ ਨਾਮੁ ਨੀ ਧਿਆਉਣ ਗੇ। ਹਰਹਰ ਨਾਮ ਰਿਦੇ ਨੀ ਬਸਉਣਗੇ।

ਜਿਨਾਂ ਜਾਣ ਲਿਆ ਗੁਰੂ ਸੁਖ ਪਾਂਵਦਾ। ਮੜੀ ਮੰਨ ਨਰ ਨਰਕਾਂ ਨੂੰ ਜਾਂਵਦਾ। ਛਾਰ ਜਾਨ ਆਪਣੇ ਜੋ ਮੁਖ ਪਾਉਣਗੇ। ਹਰ ਹਰ ਨਾਮ ਰਿਦੇ ਨੀ ਬਸਾਉਣਗੇ। ਆਖਦਾ ਨਰੰਜਨ ਸਿੰਘ ਪੜ ਬਾਨੀ ਓਇ। ਐਥੇ ਸੁਖ ਪਾਵੇਗੇ ਦੋਹੀਂ ਜਹਾਨੀ ਓਇ। ਮਾਰੂ ਜਮ ਡੰਡ ਨਹੀਂ ਗੁਣ ਗਾਣਗੇ। ਹਰ ਹਰ ਨਾਮ ਰਿਦੇ ਨੀ ਬਸਾਣਗੇ॥ ੩੫॥

ਕਬਿਤ॥ ਭਭਾ ਭਗਤ ਕਬੀਰ ਜੀ ਦਾ ਜਗ ਕੀਤਾ ਆਪ ਗੁਰੂ ਆਇਕੇ ਤੇ ਨਾਮ ਦੇਵ ਤਾਈਂ ਤੈਨੇ ਤਾਰਿਆ। ਪਰਲਾਦ ਤਾਂਈ ਤਾਰਿਆ ਗੁਰੂ ਜੀ ਪਤ ਰਖੀ ਮੇਰੀ ਆਇਕੇ ਤੇ ਸਦਨੇ ਨੂੰ ਕੰਧਚੋ ਨਿਕਾ

ਰਿਆ। ਗਨਕਾ ਕੀ ਪਤਰੱਖੀ ਬੈਲਕੇ ਪ੍ਰਾਣ ਛੁਟੇ ਹਰਨੀ ਕਾ ਦੁਖ ਆਪ ਛਿਨ ਮੇ ਉਤਾ ਰਿਆ। ਆਖਦਾ ਨਰੰਜਨ ਸਿੰਘ ਪਤ ਰੱਖੋ ਗੁਰੂ ਮੇਰੀ ਤੇਰੇ ਨਾਮਪਰ ਜਾਵਾਂ ਸਦਾਸਦਾ ਬਾਰਿਆ ॥ ੩੬ ॥

ਕਬਿੱਤ ॥ ਮੱਮਾ ਮਾਇਆ ਛਡਦੇ ਤੂੰ ਪੂਜਨਾ ਗਨੇਸ਼ ਤਾਂਈ ਬਿਨਾ ਹਰੀ ਨਾਮਤੇ ਨਾ ਮਿਲੇ ਤੈਨੂੰ ਗੱਤ ਜੀ। ਬਿਨਾਹਰੀ ਨਾਮ ਤੇ ਨਾ ਮੂੜ੍ਹਾਤੈਨੂੰ ਗਤ ਮਿਲੇ ਮੜ੍ਹੀ ਤੇ ਮਸਾ ਣੀ ਨਾਂ ਤੂੰ ਕਦੇ ਪੂਜ ਬੁੱਤ ਜੀ। ਕੂਕਰ ਸੂ ਕਰ ਨਹੀਂ ਕਦੇ ਤੈਨੂੰ ਗੱਤ ਦੇਂਵੇ ਏਵੇਂ ਕਾਹਨੂੰ ਮੂਰਖਾ ਤੂੰ ਫਿਰ ਦਾ ਭਜੰਤ ਜੀ। ਚੌਖਟ ਗੁਰਾਂ ਤੋਂ ਗੱਤ ਮੰਗ ਲੈ ਨਰੰਜਣ ਸਿੰਘਾ

ਹੋਰ ਕਿਸੇਪਾਸ ਤੇ ਨਾ ਮਿਲੇ ਤੈਨੂੰ ਗੱਣਜੀ॥

ਕੋਰੜਾ ਛੰਦ॥ ਯੱਯਾ ਯਾਰ ਨਹੀਂ ਤੇਰਾ ਕੋਈ ਬੇਲੀ ਓਇ। ਜਾਊ ਗੀ ਜਿੰਦ ਤੇਰੀ ਇਥੋਂ ਅਕੇਲੀ ਓਇ। ਜਪ ਨਾਮ ਗੁਰਾਂ ਦਾ ਤੈਂ ਸੁਖ ਪਾਵਣਾ। ਮਾਣਸ ਜਨਮ ਏਵੇਂ ਨਾ ਗੁਵਾਂਵਣਾ। ਮੰਨ ਦੇਵੀ ਦੇਵਤੇ ਨੂੰ ਦੁਖ ਪਾਮੇਂਗਾ। ਮੜੀ ਤੇ ਮਸਾਣੀ ਕੋ ਸੀਸ ਨ ਮਾਂਮੇ ਗਾ। ਗੁਰਾਂ ਨਾਮ ਵਲ ਨਰ ਚਿਤ ਲਾਂਵਣਾ। ਮਾਣਸ ਜਨਮ ਏਵੇ ਨਾ ਗੁਵਾਂਵਣਾ। ਛੱਡ ਚੀਜ ਚੱਕਣੀ ਪਰਾਈ ਠੱਗੀਆਂ। ਏਨੀ ਕੀਮੀ ਕਿਸੇ ਨਾ ਖਰੀਦੀ ਬਗੀਆਂ। ਤਾਂਹੀ ਸੁਖ ਪਾਮੇ ਗੁਰੂ ਗੁਣ ਗਾਂਵਣਾ। ਮਾਨਸ ਜਨਮ ਏਵੇ ਨਾ ਗੁਵਾਂਵਣਾ। ਸ੍ਰੀਗੁਰੂਨਾਨਕ

ਦੀ ਪੜ੍ਹੋ ਬਾਣੀਆਂ। ਤਾਂਹੀ ਸੁਖ ਪਾਵੋ ਗੇ ਏਥੇ ਪਰਾਣੀਆਂ। ਨਹੀਂ ਜਮਾਂ ਵਾਲਾ ਡੰਡ ਸਿਰ ਖ੍ਹਾਂਵਣਾ।।ਮਾਨਸ ਜਨਮ ਏਵੇਂ ਨਾ ਗੁਵਾਂਵਣਾ। ਆਖਦਾ ਨਰੰਜਨ ਸਿੰਘ ਬਾਤਾਂ ਸੱਚੀਆਂ। ਬਿਨਾ ਰਾਮ ਨਾਮ ਯਾਰੋ ਗੱਲਾਂ ਕੱਚੀਆਂ। ਹਰੀ ਨਾਮ ਤੇ ਹੈ ਬਿਨਾ ਕੂੜ ਨਾਵਣਾ।। ਮਾਣਸ ਜਨਮ ਏਵੇਂ ਨਾ ਗੁਵਾਂਵਣਾ ॥੩੮॥

ਕਬਿੱਤ ॥ ਰਾਰਾ ਰਾਮ ਨਾਮ ਦੀ ਓਲਾਜ ਰੱਖੋ ਗੁਰੂ ਮੇਰੀ ਜੈਸੇ ਪੱਤ ਰਾਖੀ ਗੁਰੂ ਸਦਨੇ ਭਗਤ ਕੀ। ਚੀਰ ਨਾ ਮੁਕਣਦੀਏ ਲਾਜ ਰੱਖੀ ਦਰੋਪਤਾਕੀ ਐਸੇ ਲਾਜ ਰਾਖੋ ਗੁਰੂ ਸਾਰੇ ਏ ਜਗੱਤ ਕੀ। ਧਰੂ ਪਰਹਿਲਾਦ ਜਪ ਲੀਓ ਤੇਰਾ ਨਾਮ

ਪਿਆਰੇ ਜਿਨਾਂ ਨਹੀਂ ਜਪਾ ਚੱਕ ਮਾਰੇ ਓ
ਧਰਤ ਕੀ। ਆਖਦਾ ਨਰੰਜਣ ਸਿੰਘ ਰਖ
ਲੈਣੀ ਪੱਤ ਮੇਰੀ ਜੈਸੇ ਲਾਜ ਰਾਖੀ ਨਾਮ
ਦੇਵਤੇ ਭਗਤ ਕੀ ॥ ੩੯ ॥

ਕਬਿੱਤ ॥ ਲੱਲਾ ਲੈ ਲੈ ਲਾਹਾ ਨਾਮ
ਜਪਣੇ ਦਾ ਤੂੰ ਜਹਾਨ ਵਿਚੋਂ ਮੁੜਕੇ ਬਜ਼ਾਰ
ਏਸ ਫੇਰ ਨਹੀਂ ਆਵਨਾ। ਹੁਣ ਹੈਗਾ
ਵੇਲਾ ਨਾਮ ਜਪਣ ਦਾ ਸੱਜਣਾ ਓਇ ਫਿਰ
ਨਾਮ ਛੋਡ ਕੇਤੇ ਹੈਗਾ ਪਛੋਤਾਂਵਨਾ। ਆਇ
ਕੇ ਤੇ ਜਮਦੂਤ ਕਢ ਲੈਣ ਜਿੰਦਗੀ ਨੂੰ ਫੇਰ
ਤੇਰਾ ਏਥੇ ਨਹੀਂ ਕੋਈ ਜੋਰ ਜਾਵਨਾ। ਸਚੀ
ਗਲ ਕਹੇ ਚਿਤ ਲਾਇਕੇ ਨਰੰਜਨ ਸਿੰਘ
ਨਾਮਨੂੰ ਬਿਸਾਰਿ ਕੇਤੇ ਪਿਛੋਂ ਪਛਤਾਂਵਣਾ॥

ਕਬਿਤ ॥ ਵਾਵਾ ਵਾਹਿ ਵਾਹਿ ਮੁਖ ਸੇ ਉਚਾਰ ਲਈਏ ਤੇਰੇ ਹੀ ਜੋ ਨਾਮ ਤਾਂਈ ਕਦੇ ਨਾ ਭੁਲਾਈਏ। ਤੇਰਾ ਹੈ ਜੋ ਨਾਮ ਮੀਠਾ ਜਾਣ ਲਿਆ ਮਹਾਰਾਜ ਤੇਰੇ ਹੀ ਜੋ ਨਾਮ ਤਾਂਈ ਸਾਸ ਸਾਸ ਗਾਵੀਏ। ਅਮੋਲਕ ਹੈ ਨਾਮ ਸਚ ਜਾਣ ਲਈਏਂ ਬੰਦਿਆ ਤੂੰ ਇਸ ਨਾਮ ਤਾਂਈ ਜਪ ਗੁਰੂ ਦਰ ਜਾਵੀਏ। ਚੌਖਟ ਗੁਰਾਂ ਨੂੰ ਆਖਾਂ ਬੇਨਤੀ ਨਰੈਂਜਨ ਸਿੰਘ ਨਿਗਾ ਰਖੇ ਮਰ ਪਰ ਕਦੀ ਨਾ ਭੁਲਾਵੀਏ ॥ ੪੧ ॥

ਕੋਰੜਾ ਛੰਦ ॥ ੜਾੜਾ ਜੜ ਜਾਮੇ ਬਿਨਾ ਹਰੀ ਨਾਮ ਤੇ। ਪਾਵਣਾ ਨਵਾ ਕੀ ਜਗ ਵਾਲੇ ਕਾਮ ਤੇ। ਹਰ ਹਰ ਨਾਮ ਦੀ ਬਿਸਾ

ਰੀ ਬਾਨੀ ਓਇ। ਹਥ ਤੇ ਨਾ ਤੇਰੇ ਕੋਈ ਪਾਊ ਪਾਨੀ ਓਇ। ਕਾਮ ਤੇ ਕਰੋਧ ਵਿਚ ਫਿਰੇਂ ਧਸਿਆ। ਸਚਾ ਨਾਮ ਗੁਰਾਂ ਕਾ ਨਾ ਦਿਲ ਬਸਿਆ। ਪਊ ਜਮ ਡੰਡ ਗਲ ਸਚ ਜਾਣੀ ਓਇ। ਹਥ ਤੇ ਨਾ ਤੇਰੇ ਕੋਈਪਾਊ ਪਾਣੀ ਓਇ। ਮੜੀ ਮੰਨ ਪਾਪੀ ਮਾਰੀ ਗਈ ਮੱਤ ਰੇ। ਖਰ ਪੂਜ ਨਹੀਂ ਤੇਰੀ ਹੋਨੀ ਗੱਤ ਰੇ। ਦੇਵੀ ਵਾਲੀ ਪੂਜਨਾ ਕਰੇਂ ਪ੍ਰਾਣੀ ਓਇ। ਹਥਤੇ ਨਾ ਤੇਰੇ ਕੋਈ ਪਾਊ ਪਾਣੀ ਓਇ। ਜੰਮਣ ਮਰਨ ਦਾ ਗਬਊਣੈ ਤਾਪ ਜੀ। ਸ੍ਰੀ ਗੁਰੂ ਨਾਨਕ ਦੀ ਬਾਣੀ ਜਾਪੁਜੀ। ਬਿਨਾ ਨਾਮ ਦੇਹੀ ਤੇਰੀ ਜਮਾਂ ਖਾਣੀ ਓਇ। ਹਥਤੇ ਨਾ ਤੇਰੇ ਕੋਈ ਪਾਊ ਪਾਣੀ

ਓਇ। ਆਖਦਾ ਨਰੰਜਨ ਸਿੰਘ ਸੁਖ ਪਾਉ
ਨ ਗੇ। ਜੇੜ੍ਹੇ ਨਰ ਨਾਮ ਦੇ ਗੁਣਾਂ ਨੂੰ ਗੌਣ
ਗੇ। ਕਾਲ ਕੰਟ ਦਊ ਜੈਸੇ ਜਾਣ ਛੋਟੀ
ਓਇ। ਹੱਥ ਤੇ ਨਾ ਤੇਰੇ ਕੋਈ ਪਾਊਪਾਣੋ
ਓਇ॥ ੪੨॥

ਦੋਹਰਾ॥ ਪੈਂਤੀ ਅੱਖਰੀ ਸੱਜਨੋ ਹੋਈ
ਸਪੂਰਨ ਇਤ। ਬਾਰਾਂ ਮਾਹ ਉਚਾਰੀਏ
ਗੁਰੂ ਵਲ ਲਾਕੇ ਚਿਤ॥ ੪੩॥

ੴ ਸਤਿਗੁਰਪ੍ਰਸਾਦਿ ॥

ਅਥ ਬਾਰਾਂ ਮਾਹਾਂ ਲਿਖਯਤੇ ॥

ਕਬਿੱਤ ॥ ਚੇਤ ਨਾ ਚਤਾਰੇਂ ਨਾਮ ਗੁਰਾਂ ਕਾ ਤੂੰ ਏਕ ਬੰਦੇ ਕਾਮ ਤੇ ਕਰੋਧ ਵਿੱਚ ਮੂਰਖਾ ਤੂੰ ਫਸਿਆ । ਦਿਨੇਂ ਰਾਤ ਠੱਗੀਆਂ ਤੂੰ ਚੋਰੀਆਂ ਚ ਮਨ ਲਾਮੇ ਭਜਨ ਗੁਰਾਂ ਕਾ ਕਦੀ ਸੁਨਨੇ ਨਾ ਨਸਿਆ । ਅਕਾਲ ਜੋ ਪੁਰਖ ਬਿਚ ਕਦੀ ਨਾ ਲਗਾਂਮੇ ਚਿਤ ਦਾਰਾ ਸੁਤ ਬਲ ਭਾਈ ਦੇਖ ਕੇ ਤੂੰ ਹੱਸਿਆ । ਕੂੜੇ ਸਾਰੇ ਅੰਗਸਾਕ ਜਾਣ ਲੈ ਨਰੰਜਨ ਸਿੰਘਾ ਕਾਹਨੂੰ ਏਸ ਪਿਆਰੇ ਤੂੰ ਜੰਜਾਲਵਿਚ ਫੱਸਿਆ ॥ ੪੪ ॥

ਕਬਿੱਤ ॥ ਬਾਬਲ ਬਸਾਖ ਨਾ ਬਿਸਾ
ਰ ਮਨ ਮੂਰਖਾ ਓਇ ਸਾਰੇ ਜੋ ਮੰਡਲ
ਮਾਹਿ ਕੀਤੇ ਉਪਦੇਸ ਹੈ। ਸਲ ਤੋ ਗ ਰਾਇ
ਦੀਏ ਮਨ ਨਾ ਕਰੋਧ ਕੀਏ ਐਸੇ ਗੁਰੂਆਂ
ਦਾ ਦਸਾਂ ਸੋਹਣਾ ਜੈਸਾ ਭੇਸ ਹੈ। ਜਿਸ ਦੇਸ
ਜਾਂਦੇ ਓਸੇ ਭੇਸਕੇ ਬਣਾਇ ਲੈਂਦੇ ਝਲੇ ਜੋ
ਚਵਰ ਪਿਆਰੇ ਸੀਸ ਪਰ ਕੇਸ ਹੈ। ਬਾਰ
ਬਾਰ ਬੰਦਨਾ ਹਮਾਰੀ ਹੈ ਨਰੰਜਨ ਸਿੰਘਾ
ਤਾਰਿਆ ਜਹਾਨ ਬੀਰੋ ਜਾਨੇ ਸਾਰਾ ਦੇਸ
ਹੈ ॥ ੪੫ ॥

ਕੋਰੜਾ ਛੰਦ ॥ ਜੇਠ ਜਾਣ ਨਾਮ ਬਿਨਾਂ
ਨਹੀਂ ਗਤ ਓਇ। ਐਵੇਂ ਕਾਨੂੰ ਮੂਰਖਾ ਤੂੰ
ਛੋਵੇਂ ਭੱਤ ਓਇ। ਬਿਨਾ ਹਰੀ ਨਾਮ ਤੇ

ਨਾ ਪਾਰ ਨੰਘਣਾ। ਕਾਮ ਤੇ ਕਰੋਧ ਵਾਲਾ ਝੂਠਾ ਕੰਗਣਾ। ਭੋਗਦੇ ਪਰਾਈ ਨਾਰ ਨਹੀਂ ਲੱਜਜੀ। ਮਹਾਂ ਰਾਜ ਪਾਸੋਂ ਨਾ ਤੂੰ ਪਾਮੇ ਹੱਜਜੀ। ਰਾਜ ਜੇ ਧਰਮ ਨੇ ਹਿਸਾਬ ਮੰਗਣਾ। ਕਾਮ ਤੇਕਰੋਧ ਵਾਲਾ ਝੂਠਾ ਕੰਗ ਣਾ। ਕਿਉਂ ਨਾਂ ਆਨ ਜਮ ਤੇਰੇ ਠੇਕੂ ਡੰਡ ਓਇ। ਮੁਲ ਵਟ ਕੁੜੀਆਂ ਦਾ ਬੰਨੇ ਗੰਢ ਓਇ। ਜਮਾਂ ਨੇ ਲਜਾਕੇ ਸੂਲੀ ਉਤੇ ਟੰਗ ਨਾਂ। ਕਾਮ ਤੇ ਕਰੋਧ ਵਾਲਾ ਝੂਠਾ ਕੰਗਣਾ। ਹਰੀ ਨਾਮ ਵਾਲੀ ਨਰ ਲੈਣੀ ਪਾਣ ਓਇ। ਸ੍ਰੀ ਗੁਰੂ ਨਾਨਕ ਦੀ ਬਾਣੀ ਜਾਣ ਓਇ। ਭਗਤੀ ਨਾ ਹੋਵੇ ਨਰ ਤੇਰੀ ਭੰਗਣਾ। ਕਾਮ ਤੇ ਕਰੋਧ ਵਾਲਾ ਝੂਠਾ ਕੰਗਣਾ। ਤੀਰਥ

ਵਰਤ ਘਰ ਕਰ ਪੂਜਨਾ। ਤੈਨੂੰ ਨਰ ਮੂਰਖਾ ਅਜੇ ਬੀ ਸੂਝ ਨਾ। ਜੇ ਨਾ ਹਥ ਹੋਵੇ ਕੁਛ ਅਗੇ ਸੰਗਣਾ। ਕਾਮ ਤੇ ਕਰੋਧ ਵਾਲਾ ਝੂਠਾ ਕੰਗਣਾ। ਨਰੰਜਨ ਸਿੰਘ ਪੂੰਜੀ ਲੜ ਬੰਨ ਨਾਮ ਦੀ। ਛੱਡ ਦੇ ਤੂੰ ਨਿਗਾ ਏਸ ਭੈੜੇ ਕਾਮ ਦੀ॥ ੪੬॥

ਸਵੈਯਾ॥ ਹਾੜ ਹਟਾ ਮਨ ਤੇ ਇਨਕੋ ਭਾਈ ਕਾਮ ਕਰੋਧ ਤੁਝੇ ਦੁਖ ਦੇਤਾ। ਦਾਰਾ ਸੁਤ ਕੋ ਦੇਖਕੇ ਹਾਸ ਰਹਿਓ ਜਬੀ ਆ ਵਤ ਕਾਲ ਨਾ ਲਾਗਤ ਭੇਤਾ। ਬਿਨਾ ਨਾਮ ਕਦੀ ਨਰ ਪਾਰ ਨਾ ਹੋਵਤ ਰਾਖੇ ਕੈਨਾ ਮਨ ਆਪਨੇ ਚੇਤਾ। ਰੇ ਨਰ ਪਾਗਲ ਸੂਝ ਨਾ ਲੇਵਤ ਬੇਦ ਗਰੰਥ ਕਹੇ ਤੈਨੂੰ ਕੇਤਾ॥੪੭॥

ਕਬਿੱਤ॥ ਸੌਣ ਸਹੇ ਨਾਮ ਬਾਝੋਂ ਦੁਖ ਕੀ ਬੰਦਿਆ ਓਇ ਕਿਤੇ ਨਹੀਂ ਸੁਖ ਪਾਂਮਿ ਬਿਨਾ ਹਰੀ ਨਾਮ ਤੇ। ਬਿਨਾਂ ਇਸ ਬਾਣੀ ਪੜ੍ਹੇ ਕੀਨੇ ਸੁਖ ਪਾਇਆ ਨਰ ਮਰ ਗਈ ਜੋ ਦੁਨੀਆਂ ਕਰੋਧਵਿਚਕਾਂਮਤੇ। ਪੱਕੀਆਂ ਭਰੀਆਂ ਨਰ ਬੰਨਦਾ ਤੂੰ ਮੂਰਖਾ ਓਇ ਕੇਤੇ ਆਣ ਗਏ ਭਾਈ ਜਾਨ ਏਸ ਧਾਮ ਤੇ। ਆਖਦਾ ਨਰੰਜਨ ਸਿੰਘ ਕਰ ਲੈ ਜਤਨ ਕੁਛ ਅੰਧਕਾਰ ਦੀਪ ਹੋਊ ਰੋਕਣੇ ਕੋ ਘਾਮ ਤੇ॥ ੪੮॥

ਕਬਿਤ॥ ਭਾਦੋਂ ਨਾ ਭਰਮ ਭੁਲ ਤੂੰ ਤਾਂ ਨਰ ਮੂਰਖਾ ਓਇ ਬਿਨਾ ਹਰੀ ਨਾਮ ਤੇ ਨਾ ਤੈਨੂੰ ਕਿਤੇ ਓਟ ਹੈ। ਇਟਾਂ ਮੂਰੇ

ਮਥੇ ਟੇਕੇਂ ਦੇਵੀ ਤੇ ਗਨੇਸ਼ ਮੰਨੇ ਵਿਚ ਤੂੰ ਮਸਾਣਾ ਦੇ ਥੇ ਖਾਂਦਾ ਫਿਰੇਂ ਚੋਟ ਹੈ। ਗੁਗੇ ਅਤੇ ਭੈਰੋਂ ਮੂਰੇ ਫਿਰੇਂ ਤੂੰ ਨਵਾਉਂਦਾ ਸੀਸ ਬਿਨਾ ਓਥੇ ਨਾਮ ਗੁਰੂ ਹੋਨੀ ਛੋਟ ਛੋਟ ਹੈ। ਆਖਦਾ ਨਰੰਜਨ ਸਿੰਘ ਜਾਨਮਨ ਮੂਰਖਾ ਓ ਜਿਨਾ ਨਹੀਂ ਧਾਰਾ ਗੁਰੂ ਡੁਬ ਮਰੇ ਕੋਟ ਹੈ॥ ੪੯ ॥

ਦੋਹਰਾ॥ ਅਸੂ ਆ ਕਰ ਜਗਤ ਮੇ ਸ਼ੁਭ ਨਾ ਕੀਤੇ ਕਾਜ। ਰੇ ਨਰ ਮੂਰਖਆਜ ਕਲ ਜਾਸੀ ਤੁਮਰੇ ਭਾਜ॥ ੫੦ ॥

ਕੋਰੜਾ ਛੰਦ॥ ਕਤਕ ਕਰੇਂ ਨਾ ਤੂੰ ਜਤਨ ਕੁਛ ਓਇ। ਹੋਵੇ ਦਰਗਾਹਿਚ ਨਾ ਤੇਰੀ ਪੁਛ ਓਇ। ਦਾਰਾ ਸੁਤ ਬਲ ਤੈਂ ਲਗਾਇ

ਆ ਚਿਤ ਜੀ। ਹੋਣਾ ਨਾ ਸਹਾਈ ਤੇਰਾ
ਕੋਈ ਮਿਤ ਜੀ। ਬੰਨ ਲੈ ਤੂੰ ਪਲੇ ਨਹੀਂ
ਪਿਛੇ ਘਲਣਾ। ਚੰਗੀ ਮੰਨ ਦੇਹੀ ਆਗ
ਵਿਚ ਬਲਣਾ। ਖਾਤਰ ਸਰੀਰ ਪਾਪ ਕਰੇਂ
ਨਿਤ ਜੀ। ਹੋਣਾ ਨਾ ਸਹਾਈ ਤੇਰਾ ਕੋਈ
ਮਿਤ ਜੀ। ਕਰਕੇ ਗੁਮਾਨ ਗਏ ਬਾਜੀ
ਹਾਰ ਓਇ। ਹੋਰ ਜਾਕੇ ਦਰਗਹਚ ਝਲੇ
ਬਾਰ ਓਇ। ਗੁਰੂ ਤਾਈਂ ਜਪ ਨਰ ਲਾਕੇ
ਹਿਤ ਜੀ। ਹੋਣਾ ਨਾ ਸਹਾਈ ਤੇਰਾ ਕੋਈ
ਮਿਤ ਜੀ। ਕਰੋਧ ਜਿਨ ਕੀਤਾ ਨਹੀਂ ਸੁਖ
ਪਾਲਿਆ। ਗਰਬ ਕਰ ਰਾਵਣ ਨੇ ਰਾਜ
ਗੁਵਾ ਲਿਆ। ਆਪਨਾ ਤੂੰ ਸਾਂਤਕੀ ਦਾ
ਰਾਖ ਚਿਤ ਜੀ। ਹੋਣਾ ਨਾ ਸਹਾਈ ਤੇਰਾ

ਕੋਈ ਮਿਤ ਜੀ । ਨਰੰਜਨ ਸਿੰਘਾ ਤਾਹੀਂ ਤੈਂ ਤਾ ਪਾਰ ਹੋਵਣਾ । ਕਾਮ ਤੇ ਕਰੋਧ ਨੂੰ ਹੈ ਵਿਚੋਂ ਖੋਵਣਾ ॥ ੫੦ ॥

ਸਵਯਾ ॥ ਮਘਰ ਮੁਖ ਤੂੰ ਰਖ ਗੁਰਾਂ ਵਲ ਜੇ ਸੁਖ ਪਾਉਨਾ ਤੈਂ ਜਗ ਪਰਾਨੀ । ਗੁਰੂ ਰਾਖ ਲਊ ਤੇਰੇ ਡੁਬਦੇ ਬੇੜੇ ਨੂੰ ਕਦੇ ਨਾ ਹੋਵਤ ਤੇਰੀ ਬਰਾਨੀ । ਛੋਡ ਬਿਕਾਰ ਸਭੀ ਜਪ ਰਾਮ ਕੋ ਥੋੜਾ ਜੇਹਾ ਚਿਰ ਹੈ ਜਿੰਦਗਾਨੀ । ਦਾਸ ਨਰੰਜਨ ਸਿੰਘ ਕਹੈ ਦੇਹੇ ਜਾਨ ਪੀਆ ਜੈਸੇ ਭੀਤਹੈ ਪਾਨੀ॥੫੧

ਕੁੰਡਲੀਆ ॥ ਪੋਹਿ ਪਾਸ ਤੂੰ ਰਖ ਰੇ ਰਾਮ ਨਾਮ ਦੀ ਓਟ । ਬਿਨਾ ਹਰੀ ਦੇ ਨਾਮ ਤੇ ਖਾਂਦਾ ਫਿਰੇਂ ਤੂੰ ਚੋਟ । ਖਾਂਦਾ ਫਿਰੇਂ ਤੂੰ

ਚੋਟ ਨਾਮ ਬਿਨ ਮੂੜ ਇਆਨੇ । ਬਿਨਾ ਹਰੀ ਦੇ ਨਾਮ ਤੇ ਬਹੁ ਡੂਬੇ ਸਿਆਨੇ । ਨਰੰਜਨ ਸਿੰਘ ਕਵ ਕਹੇ ਨਾਮ ਬਿਨ ਲੀਤਾ ਖੋਹਿ । ਫੇਰ ਮੂੜ ਕਦ ਜਾਗਨਾ ਰਾਤ ਜੋ ਨੰਘੀ ਪੋਹਿ ॥ ੫੩ ॥

ਸਵੈਯਾ ॥ ਮਾਘ ਤੂੰ ਮਨ ਮੇਂ ਸੋਚ ਬੰਦੇ ਬਿਨਾ ਰਾਮ ਕੇ ਨਾਮ ਨਹੀਂ ਛੁਟਕਾਰਾ । ਜੇ ਸੁਖ ਪਾਂਵਨਾ ਤੈਂ ਜਗਕੇ ਵਿਚ ਨਾਮ ਗੁਰੂ ਜਪ ਛੋਡ ਬਕਾਰਾ । ਨਾ ਇਸ ਜਗ ਮੇ ਨਾਮ ਲੀਓ ਨਹੀਂ ਤਜ ਦੀਏ ਮਨ ਕੂੜ ਹੰਕਾਰਾ। ਦਾਸ ਨਰੰਜਨ ਸਿੰਘ ਕਹੇ ਬਿਨਾ ਰਾਮਕੇ ਨਾਮ ਹੈ ਕੂੜ ਪਸਾਰਾ ॥ ੫੪ ॥

ਦੋਹਰਾ ॥ ਫਗਣ ਫਾਹੀ ਛੱਡਦੇ ਜਪ ਤੂੰ

ਹਰ ਕਾ ਨਾਮ । ਨਹੀਂ ਤਾਂ ਰੇ ਨਰ ਮੂਰਖਾ ਲਹਿਸੀ ਤੁਮਰਾ ਚਾਮ॥ ੫੫ ॥

ਕਬਿਤ ॥ ਲੌਂਦ ਲਗੁਨਾ ਨਾਮ ਬਲ ਤੂੰ ਤਾਂ ਨਰ ਮੂਰਖਾ ਓਇ ਬਿਨਾ ਹਰੀ ਨਾਮ ਤੇ ਨਾ ਕਿਨੇ ਗਤਪਾਈਐ । ਵਿਚ ਦਰਗਾਹ ਦੇ ਨਾ ਬਾਤ ਪੁਛੇ ਓਨਾਂ ਕੋਈ ਜਿਨਾਂ ਨੇ ਬਿਸਾਰ ਦਿਤਾ ਆਪਣਾ ਜੋ ਸਾਂਈਐ। ਦੇਵੀ ਦੇ ਬਣਾਏਵੇ ਤੂੰ ਪੂਜਨਾ ਤੂੰ ਕਰਨ ਲਗਾ ਦਿਤਾ ਤੈਂ ਬਿਸਾਰ ਜੇੜਾ ਸਚਾ ਸੁਖਦਾਈ ਐ।ਆਖਦਾ ਨਰੰਜਨ ਸਿੰਘ ਹੋਵੇ ਨਾ ਸ-ਹਾਈ ਤੇਰਾ ਖਰਾਂ ਮੂਰੇ ਮੱਥੇ ਟੇਕੇਂ ਗੁਗੇ ਨੂੰ ਮਨਾਈ ਐ ॥ ੫੬ ॥

ਸਿੰਘਾ ਬਲੋਕਨ ॥ ਕਬਿੱਤ

ਸਚੇ ਭਗਵਾਨ ਤਾਂਈ ਆਖਦਾ ਅਰਜ ਪਿਆਰੇ ਰਖ ਲੈ ਤੂ ਪੱਤ ਮੇਰੀ ਆਗਿਆ ਸ਼ਰਨ ਜੀ । ਆਗਿਆ ਸ਼ਰਨ ਰਖ ਮੇਰੀ ਤੂੰ ਸ਼ਰਮ ਜੈਸੇ ਰਾਖੀ ਹੈ ਹਰਨ ਲਾਲੈ ਆ ਪਟੇ ਚਰਨ ਜੀ । ਚਰਨ ਲਾਲੈ ਆਪ ਤੂੰ ਸਗਲ ਹੋ ਬਿਆਪਤੂੰ ਹਮਾਰਾ ਮਾਈਂ ਬਾਪ ਤੀਨ ਤਾਪਕੋ ਹਰਨ ਜੀ । ਹਰਨ ਤੇਰੇ ਦਾਸ ਜੀ ਅਮ੍ਰਿਤ ਰਸ ਚਾਖਜੀ ਨਰੰਜਨ ਸਿੰਘ ਦਾਸ ਕਹੇ ਉਨਕਾ ਪਰਨ ਜੀ ॥ ੫੭ ॥

ਕਬਿੱਤ ॥ ਅਜਾ ਮੱਲ ਤਾਂਈ ਤਾਰਾ ਗਨ ਕਾ ਕੀ ਪੱਤ ਰਾਖੀ ਹਰਨੀ ਕਾ ਦੁਖ ਦੂਰ ਕੀਤਾ ਆਪ ਜਾਇ ਕੇ । ਸਦਨੇ ਕੀ ਪੱਤ

ਰਾਖੀ ਭੀੜਮੇ ਨਕਾਲ ਲੀਆ ਭਗਤ ਕ
ਬੀਰ ਜੀਦਾ ਜੱਗ ਕੀਤਾ ਆਇ ਕੇ । ਨਰ
ਸੀ ਕੀ ਹੁੰਡੀਤਾਰੀ ਪਰਲਾਦ ਤਾਂਈ ਤਾਰਾ
ਤੱਤਿਆਂ ਥੰਮਾਂ ਦੇ ਕੋਲੋਂ ਰਖਿਆ ਬਚਾਇ
ਕੇ । ਆਖਦਾ ਨਰੰਜਨਸਿੰਘ ਹਰਨਕਸ਼ਪਉ
ਬਾਰ ਦੀਆ ਕਉਡੇ ਤਾਂਈ ਤਾਰਾ ਆਪ
ਸ਼ਬਦ ਸੁਨਾਇਕੇ ॥ ੫੮ ॥ ਕਬਿੱਤ ॥
ਕਰਾਂ ਮੈਂ ਨਮਸਕਾਰ ਸ੍ਰੀ ਗੁਰੂ ਨਾਨਕ ਨੂੰ
ਆਕੇ ਜੀਨੇ ਦੇਸ ਤੇ ਦਸੰਤਰਾਂਨੂੰ ਤਾਰਿਆ।
ਸੱਚ ਤੇ ਧਰਮ ਵਾਲਾ ਕੀਤਾ ਉਪਦੇਸ ਗੁਰੂ
ਮਝੀ ਤੇ ਮਸਾਣੀ ਕੂੜ ਜਗਤੇ ਉਡਾਰਿਆ।
ਨਾਮ ਨੂੰ ਜਪਾਇ ਕਉਡੇ ਰਾਕਸ਼ ਨੂੰ ਤਾਰ
ਦੀਆ ਫੇਰ ਸੱਚੇ ਗੁਰੂ ਆਪ ਬਾਣੀ ਨੂੰ ਉ

ਚਾਰਿਆ। ਬਾਰ ਬਾਰ ਆਖਦਾ ਨਰੰਜਨ ਸਿੰਘ ਮੇਰੇ ਪਿਆਰੇ ਉਸ ਗੁਰਾਂ ਤਾਂਈ ਹਮ ਸੀਸ ਹੈ ਨਵਾਰਿਆ ॥ ੫੯ ॥

ਸਵੈਯਾ ॥ ਮੈ ਨਹੀਂ ਸਿਲ ਜੋ ਪੱਥਰ ਪੂਜਨੇ ਏਕ ਅਕਾਲ ਕੀ ਓਟ ਤਕਾਣੀ। ਦੇਵੀ ਦੇਵ ਕੀ ਪੂਜਨਾ ਛੋਡਦੇ ਹੋ ਜਪ ਨਾਮ ਗੁਰੂ ਫਲ ਪਾ ਮਨ ਭਾਣੀ। ਬਿਨਾਂ ਨਾਮ ਗੁਰੂ ਕਦੀ ਪਾਰ ਨਾ ਹੋਵਤ ਕਿੰਨੀ ਤੂੰ ਪੂਜਰੇ ਮੜੀ ਮਸਾਣੀ।ਕਵੀ ਆਖਰਿਹਾ ਅਤੀ ਘਾਮ ਪਵੇ ਕੋਈ ਹੋਤ ਨ ਸੰਗ ਜੋ ਦੇਵਤ ਪਾਣੀ ॥ ੬੦ ॥ ਕਬਿੱਤ ॥ ਭਜਨ ਬਗੈਰ ਤੂੰਤਾਂ ਸੱਚਜਾਣ ਬੰਦਿਆ ਓਇ ਹੋਵੇ ਦਰਗਾਹ ਵਿਚ ਜਾਣ ਤੇਰੀ ਹਾਣੀਆਂ।

ਕੀਤਾ ਨਾ ਜਤਨ ਤਿੱਨੇ ਬਸਤਾ ਗਵਾਲਈ
ਆਂ ਆਗਿਆ ਬੁਢੇਪਾ ਹੁਣ ਦੂਰ ਦਾ ਪ
ਰਾਣੀਆਂ । ਵਿਚ ਠੱਗੀ ਚੋਰੀਆਂ ਦੇ ਉਮ
ਰ ਗੁਜ਼ਾਰ ਲਈ ਅਗੇ ਲੇਖਾ ਲਿਖਿਆ
ਧਰਮ ਰਾਜ ਬਾਣੀਆਂ । ਆਖਦਾ ਨਰੰਜਨ
ਸਿੰਘ ਜਮ ਤੈਨੂੰ ਐਸੇ ਭੰਨੇ ਜੈਸੇ ਪਉਣ
ਤੋੜਦੀ ਬਿਰਛ ਵਾਲੀ ਟਾਣੀਆਂ ॥ ੬੧ ॥

ਸਵੈਯਾ ॥ ਭਜਨ ਬਿਨਾਂ ਦੁਖ ਆਇ
ਪਏ ਜੈਸੇ ਬਨ ਮੇ ਆਇ ਪਏ ਹਰਨੀ ਕੋ ।
ਹਰਨਾਕਸ਼ ਮਨਮੇ ਕਰੋਧ ਕੀਆ ਪ੍ਰਲਾਦ
ਉਬਾਰ ਗਇਓ ਸਰਨੀ ਕੋ । ਭਗਤ ਧੰਨੇ
ਕੀਆਂ ਗਊਆਂ ਚਾਰ ਦੀਆਂ ਨਾਮ ਦਵ
ਆਪ ਲਾਇਓ ਚਰਨੀ ਕੋ । ਨਰੰਜਨ ਸਿੰਘ

ਦੀ ਆਪ ਰਖਿਆ ਕਰਨੀ ਜਿਨਾਂ ਨਾਮ ਜ
ਪਿਆ ਤਰਿਆ ਤਰਨੀ ਕੋ ॥ ੬੨ ॥

ਕਬਿੱਤ॥ ਕਰ ਲੈ ਤੂੰ ਜਾਦ ਪਿਆਰੇ ਸੱਚੇ ਪਰਮਾਤਮਾਂ ਨੂੰ ਦਿਤੀ ਹੈ ਅਕਲ਼ ਜੋ ਸ਼ਕਲ ਤੈਨੂੰ ਬੰਦਿਆ। ਮਾਤਾ ਕੇ ਗਰਭ ਬਿਖੇ ਕੀਤੀ ਪ੍ਰਤਿਪਾਲ਼ ਤੇਰੀ ਕਢਿਆ ਨ ਰਕ ਬਿਚੋਂ ਪਾਪੀ ਤੈਨੂੰ ਗੰਦਿਆ। ਨਾਵ ਜੋ ਮਹੀਨੇ ਓਥੇ ਕਰਦਾਸੀ ਰਖਜਾ ਤੇਰੀ ਹੁਨ ਤੂੰ ਪਲ ਜਾਨੇ ਛਡ ਝੂਠੇ ਧੰਦਿਆ। ਲੂਣ ਤੂੰ ਹਰਾਮੀ ਹੋਵੇਂ ਸਚੇ ਪਰਮਾਤਮਾਂ ਦਾ ਆਖਦਾ ਨਰੰਜਨ ਸਿੰਘ ਜਪ ਨਾਮ ਅੰਧਿਆ॥੬੩॥

ਕੁੰਡਲੀਆ॥ ਸੱਚਾ ਸਤਗੁਰ ਜਾਣ ਲੈ ਰੇ ਮਨ ਪਾਪੀ ਚੀਤ੍ਰ। ਸੰਗ ਤੁਮਾਰੇ ਜਾਵ

ਸੀ ਸਾਚ ਮਾਨ ਰੇ ਮੀਤ। ਸਾਚ ਮਾਨ ਰੇ ਮੀਤ ਨਾਮ ਜੋ ਗੁਰਕਾ ਦੇਖ।ਰੰਗ ਨਾ ਉਸ ਕਾ ਰੂਪ ਜਾਨ ਰੇ ਸਾਰਿਭੇਖ। ਨਰੰਜਨ ਸਿੰਘ ਕਵ ਕਹੇ ਨਾਮ ਬਿਨ ਜਾਨੋ ਕੱਚਾ। ਸੋਈ ਰੇ ਮਨ ਜਾਨ ਲੇ ਜੋਦੱਸੇ ਸਤਗੁਰ ਸੱਚਾ ॥ ੬੪॥ ਕਬਿੱਤ॥ ਏਸ ਤੂੰ ਜੁਆਨੀਤਾਂਈਜਾਨ ਬਦਰੋਂਕੀ ਛਾਈ ਰੈਣਾ ਨਹੀਂ ਇਸ ਜਗ ਦੇਖ ਲੇ ਬਿਚਾਰ ਕੇ। ਬਾਲੀ ਦਰਜੋਧਨ ਜੋ ਭੀਮਸੈਂਨ ਜੈਸੇ ਜਾਨ ਗਏਨ ਜਗਤ ਉਤੋਂ ਜਾਣ ਗਲ ਧਾਰਕੇ। ਇਸ ਜੇਤੂੰ ਤਨ ਵਾਲਾ ਕਰੇਂ ਅਭੁਮਾਨ ਮੂੜਾ ਰੈਣਾ ਨਹੀਂ ਦਿਨ ਚਾਰ ਬਿਚ ਸਨਸਾਰ ਕੇ। ਆਖ ਦਾ ਨਰੰਜਨ ਸਿੰਘ ਰੰਗ ਨਾ ਏ ਰੂਪ

ਰੈਨਾ ਰੁਲ ਜਾਨਾ ਖਾਖ ਦੇਖ ਦਿਲ ਮੇ ਬਿਚਾਰਕੇ ॥ ੬੫ ॥ ਦੋਹਰਾ ॥

ਭਜਨ ਗੁਰਾਂ ਕਾ ਏਕ ਜੋ ਸੁਨ ਲੈ ਕਰ ਕੇ ਕਾਨ । ਬਾਤ ਤੁਮਾਰੀ ਨਾ ਸੁਨੇ ਕਾਲ ਜੋ ਮਾਰੇ ਬਾਨ ॥ ੬੬ ॥ ਕੋਰੜਾ ਛੰਦ ॥ਨਾਮ ਤੂੰ ਗੁਰਾਂ ਕਾ ਏਕ ਜਪ ਬੰਦਿਆ । ਭਜਨ ਬਗੈਰ ਜਾਨ ਕੂੜੇ ਧੰਦਿਆ । ਓਥੇ ਨਹੀਂ ਹੋਨਾ ਜੋ ਤੇਰਾ ਸਹਾਈ ਐ । ਏਹੋ ਜਗਜਾਨ ਬਦਰੋਂ ਕੀ ਛਾਈ ਐ । ਜੇੜ੍ਹੇ ਧੀਆਂ ਪੁਤਾਂ ਦਾ ਕਰੇਂ ਗੁਮਾਨ ਤੂੰ । ਹੋਣਾ ਨਾ ਸਹਾਈ ਸਚੀ ਬਾਤ ਜਾਨ ਤੂੰ । ਕਾਮ ਤੇ ਕਰੋਧ ਵਿਚ ਚਿਤ ਲਾਈ ਐ । ਏਹੋ ਜਗ ਜਾਨੋ ਬਦਰੋਂ ਕੀ ਛਾਈ ਐ । ਨਾਮ ਤੇ ਬਗੈਰ

ਪਉਲੇ ਪੈਨ ਚਾਰ ਜੀ । ਹੋਵੇ ਨਾ ਸਹਾਈ ਓਥੇ ਤੇਰੀ ਨਾਰ ਜੀ । ਦੇਖੇ ਨਾ ਉਗਾਹੀ ਜੋੜਾ ਸਕਾ ਭਾਈ ਐ । ਏਹੋ ਜਗ ਜਾਨ ਬਦਰੋਂ ਕੀ ਛਾਈ ਐ । ਏਹੋ ਗਲ ਬੰਦੇ ਤੂੰ ਤਾਂ ਰਖ ਚੀਤ ਜੀ । ਬਿਨਾ ਹਰੀ ਨਾਮ ਤੇ ਹੈ ਕਚੀ ਭੀਤਜੀ । ਝੂਠਾ ਜੋ ਕੁਟੰਬਨਾ ਜਮਾ ਛੁਡਾਈ ਐ । ਏਹੋ ਜਗ ਜਾਨ ਬਦਰੋਂ ਕੀ ਛਾਈ ਐ । ਆਖਦਾ ਨਰੰਜਨ ਸਿੰਘ ਜਾਨਾ ਭਾਜ ਓਇ । ਬਿਨਾ ਹਰੀ ਨਾਮ ਤੇ ਹੈਂ ਝੂਠੇ ਸਾਜ ਓਇ । ਰੈਣ ਕਾ ਪਰੌਣਾ ਸੁਭਾ ਉਠ ਜਾਈ ਐ । ਏਹੋ ਜਗ ਜਾਨ ਬਦਰੋਂ ਕੀ ਛਾਈ ਐ ॥ ੬੭ ॥ ਬੈਂਤ ॥ ਜੇੜੇ ਨਾਮ ਦੀ ਬਾਣੀ ਬਿਸਾਰ ਗਏ ਹੋ ਗਏ ਨੇ ਅੰਤ

ਨੂੰ ਹਾਰ ਬੇਲੀ। ਜਿਨਾ ਜਗਦੇ ਵਿਚ ਗੁਮਾ
ਨ ਕੀਤਾ ਬਾਂਗ ਲੂਣ ਦੇ ਦਿਤੇ ਨੇ ਖਾਰ
ਬੇਲੀ। ਹਰਨਕਸਪ ਨੇ ਬੜਾ ਗੁਮਾਨ
ਕੀਤਾ ਕਾਲ ਛਡਿਆ ਦਿਨ ਨਾ ਚਾਰਬੇਲੀ।
ਰਾਵਣ ਜੈਸਿਆਂ ਕਾਲਨੂੰ ਬੰਨਾਂ ਪਾਵੇ ਓਵੀ
ਅੰਤ ਨੂੰ ਲਿਆ ਹੈ ਮਾਰ ਬੇਲੀ। ਭੀਮਸੈਨ
ਨਾ ਜੈਸੇ ਏ ਬਲੀ ਛੋਡੇ ਦਿਤੇ ਕਾਂਗ ਤੇਹਥੀ
ਹੁਲਾਰ ਬੇਲੀ। ਹਨੂਮਾਨ ਨੇ ਚਕ ਪਹਾੜ
ਲਿਆਂਦਾ ਜੀਨੇ ਗਿਨਾ ਨਾ ਕੁਛ ਸੀ ਭਾਰ
ਬੇਲੀ। ਓਥੀ ਮਾਰ ਕੇ ਕਾਲ ਨੇ ਬਸਕੀਤੇ
ਏਥੇ ਰਹਿਣ ਦਾ ਨਹੀਂ ਕਰਾਰ ਬੇਲੀ।
ਬਾਰਾਂ ਜੋਜਨਦੇ ਬਿਚ ਬੇ ਛਤਰ ਝੁਲੇ ਰਹੇ
ਜਗ ਦੇ ਬਿਚ ਨਾ ਠਾਰ ਬੇਲੀ। ਜਿਨਾ ਮੈਂ

ਤੇ ਮੈਂ ਪੁਕਾਰਿਆ ਸੀ ਰਹੇ ਦਿਨ ਨਾ ਚਾਰ ਸਨਸਾਰ ਬੇਲੀ। ਕਾਦਾ ਕਰੇਂ ਗੁਮਾਨ ਨਰੰਜਨ ਸਿੰਘਾ ਏਥੇ ਰਹਾ ਨਾ ਬਲੀ ਬਲਧਾਰ ਬੇਲੀ॥ ੬੮॥ ਕਬਿਤ ॥ ਏਸ ਮੈ ਗਰੰਥ ਬਿਚ ਏਹੀ ਹੈ ਅਰਜ ਕੀਤੀ ਨਾਮ ਕਰ ਤਾਰਦਾ ਨਾ ਕਦੀ ਨਰ ਭੁਲਨਾ। ਮੜ੍ਹੀ ਗੋਰ ਪੀਰ ਖਾਨੇ ਜਾਕੇ ਤੇ ਨਿਵਾਉਨੈ ਸੀਸ ਜਮਾਂਵਾਲੇ ਜਾਲ ਤੇਤੈਂ ਕਦੇ ਨਹੀਂ ਖੁਲਨਾ। ਨਾਮ ਦੀ ਵਿਸਾਰ ਬੇੜੀ ਕੱਚੀਆਂ ਸਵਾਰ ਹੋਇਆ ਅਧਵੇ ਬਿਚਾਲੇ ਜਾਕੇ ਮੂਰਖਾ ਤੈਂ ਡੁਲਣਾ। ਮਾਲਾ ਫੇਰ ਨਾਮਵਾਲੀ ਆਖਦਾ ਨਰੰਜਨ ਸਿੰਘ ਏਸ ਦੇ ਸਮਾਨ ਭਾਈ ਹੋਰ ਕੁਛ ਤੁਲਨਾ॥ ੬੯॥ ਕਬਿੱਤ॥ ਪਿੰਡੂ

ਮੇਰਾ ਰੱਤੋ ਵਾਲ ਟੂਸਿਆਂ ਦੇ ਪਾਸ ਜਾਨੋ, ਓਸ ਦੇ ਜੋ ਵਿੱਚ ਭਾਈ ਕਵੀ ਦਾ ਨਵਾਸ ਹੈ। ਜਿਲ੍ਹਾ ਲੱਗੇ ਲੁਦੇਹਾਨਾ ਡਾਕਖਾਨਾ ਪੱਖੋਵਾਲ ਆਕੇ ਮਿਲੋ ਸੱਜਨਜੋ ਮਿਲਨੇਦੀ ਆਸ ਹੈ। ਜੀਉਂਦਿਆਂ ਦੇ ਮੇਲੇ ਇਸ ਹੁੰਦੇ ਨੇ ਜਗਤ ਉਤੇ ਹੋਵਨੀ ਨਾ ਬਾਤ ਜੋ ਨਿਕਲ ਜਾਨਾ ਸਾਸ ਹੈ। ਠਾਣਾ ਕੋਟ ਰਾਧਾ ਕਵੀ ਆਖਦਾ ਨਰੰਜਨ ਸਿੰਘ ਬਾਢੀ ਜਾਤ ਮੇਰੀ ਜੋ ਪੁਕਾਰੇ ਮੁਖੋਂ ਦਾਸ ਹੈ॥ ੭੦॥ ਦੋਹਰਾ॥

ਸੁਣੀਏ ਮੇਰੇ ਬੀਰ ਜੀ ਦਸਾਂ ਕੁਛ ਬਿਆਨ। ਕਵਤਾ ਦਾ ਉਸਤਾਦ ਜੋ ਉਸਕਾ ਪਤਾ ਨਸ਼ਾਨ॥ ੭੧॥ ਕਬਿੱਤ॥ ਦਸਾਂ ਉਸਤਾਦ ਮੇਰਾ ਕਵਤਾ ਬਣਾਵਣੇਦਾ ਜਿਸ

ਨੇ ਏ ਭਾਈ ਮੈਨੂੰ ਅਕਲ ਸਖਾਈ ਐ । ਘਬੱਦੀ ਮੇ ਬਰਾਜ ਮਾਨ ਨਾਮ ਬਲਵੰਤ ਸਿੰਘ ਰਖੇ ਨਾਮ ਚਿਤ ਜਿਸ ਰਚਨਾ ਰਚਾ ਈ ਐ । ਰਾਗ ਵੀ ਸਖਾਵੇ ਅਤੇ ਪਿੰਗਲ ਭੁੜਾਇ ਦੇਵੇ ਰਤੀ ਨਹੀਂ ਗੁੱਸਾ ਮਨ ਦੇਖੋ ਕੋਲ ਆਈ ਐ । ਆਖਦਾ ਨਰੰਜਨ ਸਿੰਘ ਦੇਵਾਂ ਮੈਂ ਨਵਾਇ ਸੀਸ ਆਪਣਾ ਜੋ ਤਨ ਮਨ ਗੁਰਾਂ ਵਲ ਲਾਈ ਐ ॥ ੭੨ ॥

ਬੈਤ ॥ ਸੰਨ ਉਨੀ ਸੈ ਵਿਚ ਕਹੱਤਰੇ ਦੇ ਪੈਂਤੀ ਅਖਰੀ ਲਈ ਉਚਾਰ ਪਿਆਰੇ । ਪੇਲੇ ਏਹੀ ਮੈਂ ਰਚ ਛਪਾਇਆ ਹੈ ਵਿਚ ਬੜੀ ਅਨੰਦ ਬਹਾਰ ਪਿਆਰੇ । ਕਵੀ ਸ਼ੇ ਰੀਆਂ ਅਗੇ ਹੈ ਅਰਜ ਮੇਰੀ ਭੁਲ ਕਰਿਓ

ਮਾਫ ਹਜਾਰ ਪਿਆਰੇ। ਭੁਲਣ ਹਾਰ ਦੇ ਵਿਚ ਜਗਤ ਸਾਰਾ ਨਹੀਂ ਭੁਲਦਾ ਕਈ ਕਰਤਾਰ ਪਿਆਰੇ। ਥੋੜ੍ਹੀ ਮਤ ਤੇ ਬੁਧ ਨਾ ਮਾਣ ਕੋਈ ਨਹੀਂ ਕਵਤਾ ਦੀ ਮੈਨੂੰ ਸਾ ਪਿਆਰੇ। ਸੀਸ ਆਖੇ ਨਵਾਇ ਨਰੰਜ ਸਿੰਘਾ ਏਥੇ ਕਟਣੇ ਦਿਨ ਨੇ ਚਾਰ ਪਜਾਰੇ॥

ਇਤਿ ਸ੍ਰੀ ਸ਼੍ਰਿਸ੍ਰ ਬਿਲਾਸ ਸੰਪੂਰਨੰ
ਕ੍ਰਿਤ ਕਵਿ ਭਾਈ ਨਰੰਜਨ ਸਿੰਘ

ਜਿਸ ਸੱਜਨਨੂੰ ਇਸ ਪੁਸਤਕ ਦੀ ਲੋੜ ਹੋਵੇ ਇਸ ਪਤੇ ਪਰੋਂ ਮੰਗਾ ਲੈਨ
ਭਾਈ ਨਰੰਜਨਸਿੰਘ ਸੁੰਦਰਸਿੰਘ ਰੱਤੋਵਾਲ
ਜਿਲਾ ਲੁਦਿਹਾਨਾ ਡਾਕ ਖਾਨਾ ਪੱਖੋਵਾਲ

ਪ੍ਰਾਚੀਨ ਜਾਦੂ ਤੰਤ੍ਰ

ਔਰਤ ਮਰਦ ਨੂੰ ਵਸ ਕਰਨਾਂ ਹਮਸਾਇਆਂ
ਕੋਲੋਂ ਕੁਸ਼ਾਮਤ ਕਰਵਾਨੀ ਹੋ ਰਾਜਾ ਸ਼ਾਹੂ-
ਕਾਰਨੂੰ ਆਪਨੇ ਮੁਤੈਤ ਬਨਾਨਾਂ ਹੋ ਜੇ ਆਪ
ਤੂ ਕੁਟੰਬ ਇਸਤ੍ਰੀ ਪੁਤਰ ਧੰਨ ਦਾ ਸਭ
ਸੁਖ ਚਾਹੁੰਦੇਹੋ ਜੇ ਕਿਸੇ ਮੁਸ਼ਕਲ ਵੇਲੇ
ਮਦਤ,ਰੋਗਾਂਕੋਲੋ ਬਚਨਾਂਚਾਹੁੰਦੇਹੋ ਜੇ ਕਿਸੇ
ਦੇ ਘਰ ਉਲਾਦ ਪੈਦਾ ਕਰਨੀ ਚਾਹੁੰਦੇਹੋ
ਜੇ ਤੁਸੀ ਕਿਸੇ ਸਖਤ ਬੀਮਾਰੀ ਵਾਲੇਨਾਲ
ਘੰਟਾ ੨ ਘੰਟੇ ਗਲਾਂ ਕਰਨੀਆਂ ਚਾਹੁੰਦੇ
ਹੋ ਜੇ ਤੁਸੀ ਖੁਦ ਤਾਕਤ ਵਰ ਬਨਨਾਂ ਚਾਹੁੰ
ਦੇ ਹੋ ਆਤਸ਼ਕ ਸੁਜਾਖ ਪੁਰਾਨੇ ਬੁਖਾਰ
ਬਵਾਸੀਰ ਗੰਠੀਆ ਖਾਂਸੀ ਦਮੇ ਦੇ ਰੋਗ

ਵਗੈਰਾ ਸਬ ਤਰਾਂ ਦੀ ਬੀਮਾਰੀਆਂ ਤੋਂ ਬਚਨਾਂ ਚਾਹੁੰਦੇਹੋ ਤਾਂ ਦਫਤ੍ਰ ਸੰਜੋਵਨਬੂਟੀ ਐਸ, ਅਮ, ਬੀ, ਡੀ, ਐਸ, ਗੁਰੂ ਕੇ ਬਾਗ ਪ੍ਰਕਰਮਾਂਦ੍ਬਾਰਸਾਹਿਬ ਅੰਮ੍ਰਿਤਸਰ ਕੋਲੋਂ ੧ ਕਤਾਬ ਸੰਜੀਵਨ ਬੂਟੀ ਜੋ ਗਵਰਮਿੰਟ ਸ੍ਰਕਾਰ ਪਾਸ ਕਰ ਚੁਕੀ ਹੈ ਰਜਿਸਟਰੀ ਸ਼ੁਦਾ ਮੰਗਾਲਵੇ ਕੀਮਤ ।) ਸ਼ੀਸ਼ੀ ੩)-੨) ਡਾਕ ਮਸੂਲ ਵਖਰਾ ਲਗੇਗਾ ਜਵਾਬਵਾਸਤੇ ਜਵਾਬੀ ਕਾਰਡ ਯਾ ਟਿਕਟ ਭਜੋ ॥

ਨੋਟ—ਹਰਇਕ ਬੀਮਾਰੀ ਦੀ ਦਵਾ ਬੜੀ ਚੰਗੀ ਤਰਾਂ ਕੀਤੀ ਜਾਂਦੀ ਹੈ ॥

ਚਿਠੀ ਤੇ ਤਾਰ ਦਾ ਪਤਾ ਸਿਰਫ

ਦਫਤਰ ਸੰਜੀਵਨੀ ਬੂਟੀ ਅਮ੍ਰਿਤਸਰ

ਦੂਰ ਦੇਸ਼ ਦੇ ਭਰਾਵੋ

ਜੇਕਰ ਆਪਨੂੰ ਸ੍ਰੀ ਅਮ੍ਰਿਤਸਰ ਜੀ ਵਿਚੋਂ ਗੁਰਮਤ ਸੰਬੰਧੀ ਕਿਸੇ ਚੀਜ਼ ਦੀ ਲੋੜ ਹੈ ਅਥਵਾ ਧਰਮ ਸੰਬੰਧੀ ਕਿਸੇ ਪੁਸਤਕ ਦੀ ਲੋੜ ਹੈ ਯਾ ਕੜੇ, ਕਿਰਪਾਨ, ਕੰਘੇ, ਚਦਰਾਂ ਲੋਈਆਂ ਧੁਸੇ ਖੰਡੇ ਚੱਕ੍ਰ ਆਦਿਕ ਤਥਾ ਸ੍ਰੀ ਅਮ੍ਰਿਤਸਰਦੀ ਕਿਸੇ ਹੋਰ ਵਸਤ ਦੀ ਲੋੜ ਹੋਵੇ ਤਾਂ ਅਗੇ ਲਿਖੇ ਪਤੇ ਪਰ ਚਿਠੀ ਲਿਖਕੇ ਮੰਗਾ ਲੈਵਣੀ ॥

ਗਲੀ ਵਿਚ ਜਾਰੀ ਹੈ । ਇੱਥੇ ਹਰਕਿਸਮ ਦਾ ਕੰਮ ਖਾਸਕਰ ਗੁਰਮੁਖੀਟੈਪ ਦਾ ਬਹੁਤ ਕੋਸ਼ਸ਼ ਨਾਲ ਕੀਤਾ ਜਾਂਦਾਹੈ ਵੱਡੀ ਗੱਲਇਹ ਹੈ ਕਿ ਵਕਤ ਮੁਕਰਰਾ ਪਰ ਕੰਮ ਛਾਪਕੇ ਦਿਤਾ ਜਾਂਦਾ ਹੈ ਅਰ ਸੁੱਧ ਐਸਾ ਕੀਤਾ ਜਾਂਦਾ ਹੈ ਜੋ ਕਿਤੇ ਭੀ ਐਸਾ ਸੁੱਧ ਹੋਣਾ ਮੁਸ਼ਕਲਹੈ। ਸਭ ਵਿਵਹਾਰ ਸਚਾਈ ਨਾਲ ਕੀਤਾ ਜਾਂਦਾਹੈ। ਜੇਕਰਆਪ ਭੀ ਸੁੱਧ ਸਾਫ ਸੁਥਰਾ ਵੇਲੇ ਸਿਰ ਕੋਈ ਪੁਸਤਕ ਛਪਾਨਾ ਚਾਹੋ ਤਾਂ ਸ੍ਰ: ਬੁਧ ਸਿੰਘ ਛਾਪੇਖਾਨੇ ਵਾਲਾ ਮੈਨੇਜਰ ਸ੍ਰੀ ਗੁਰੁਮਤ ਪ੍ਰੇਸ ਅਮ੍ਰਿਤਸਰ ਨੂੰ ਲਿਖੋ॥

ਸ੍ਰੀ ਕਲਗੀਧਰ ਹੁਲਾਸ ਕ੍ਰਿਤ ਭਾਈ ਜੋਧ ਸਿੰਘ ਜੋ ਦਸਮ ਗੁਰੂ ਜੀ ਦਾ ਜੀਵਨ ॥)